ੴ
ਮਾਸਕ ਪੱਤਰ
ਵਾਹਿਗੁਰੂ ਜੀ ਕੀ ਫ਼ਤਹ॥

# ਸੂਰਾ

ਅੰਮ੍ਰਿਤਸਰ

## ਅਬਦਾਲੀ ਵਲੋਂ ਸਿਖਾਂ ਦਾ ਨਾਮ ਨਿਸ਼ਾਨ ਮੇਟ ਦੇਣ ਲਈ
## ਵੱਡਾ ਘਲੂਘਾਰਾ

SEPT 1991



ਸਤੰਬਰ ੧੯੯੧

ਸਿੱਖਾਂ ਨੂੰ ਮਿਟਾਉਣ ਵਾਲੇ ਮਿਟ ਗਏ, ਖ਼ਾਲਸਾ ਸਦਾ ਚੜ੍ਹਦੀ ਕਲਾ ਵਿਚ ਰਿਹਾ।

www.AKJ.Org

# ਤਤਕਰਾ


| | | |
|---|---|---|
| ਗੁਰ ਸਮਾਨਿ ਤੀਰਥੁ ਨਹੀ ਕੋਇ | ੩ | ਪ੍ਰਭਾਤੀ ਮਹਲਾ ੧ |
| ,, ,, ,, (ਸ਼ਬਦ ਦੀ ਵਿਆਖਿਆ) | ੪ | — — — |
| ਬਾਬਾ ਰਾਮ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਖ | ੫ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਬਾਣੀ ਗੁਰੂ ਗੁਰੂ ਹੈ ਬਾਣੀ | ੧੧ | ਸ: ਹਰਦਿਆਲ ਸਿੰਘ ਜੀ *I.A.S.* |
| ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ | ੧੪ | ਪ੍ਰਿੰਸੀਪਲ ਸੱਜਣ ਸਿੰਘ ਜੀ |
| ਮਾਡਲ ਟਸਟ ਪੇਪਰ (ਬਾਰਹਮਾਹੇ ਤੇ ਅਰਦਾਸ) | ੧੮ | ਗੁਰਬਾਣੀ ਥਰੈਪੀ ਟ੍ਰਸਟ |
| ਸ੍ਰੀ ਗੁਰੂ ਅਮਰਦਾਸ ਜੀ | ੨੨ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਗੁਰ ਮਿਲਿ ਚਜੁ ਆਚਾਰੁ ਸਿਖੁ | ੨੬ | ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ |
| ਸੇਈ ਗੁਰਮੁਖਿ ਪਿਆਰੇ ਮੇਲਿ (੨) | ੨੯ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਸਿਖ ਬੀਬੀਆਂ ਤੇ ਕੇਸਾਂ ਦੀ ਸੰਭਾਲ | ੩੧ | ਪ੍ਰੋਫੈਸਰ ਹਰਬੰਸ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੧੮ ਬਾਕੀ) | ੩੩ | ਕੈਪਟਨ ਸਵਰਨ ਸਿੰਘ ਜੀ |
| ਬਾਬਾ ਬੁੱਢਾ ਜੀ | ੩੭ | ਸ: ਰੂਪ ਸਿੰਘ ਜੀ |
| ਸਿਖ ਮਸਲਾ | ੪੦ | ਪ੍ਰਿੰਸੀਪਲ ਬਖ਼ਤਾਵਰ ਸਿੰਘ ਜੀ |
| ਭਾਈ ਬੁੱਧੂ | ੪੧ | ਗਿਆਨੀ ਹਰਿਬੰਸ ਸਿੰਘ ਜੀ |


| | | | |
|---|---|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਪਹਿਲਾ ਪ੍ਰਕਾਸ਼ | ੯ ਸਤੰਬਰ | ਗੁਰੂ ਅਰਜਨ ਦੇਵ ਜੀ ਗੁਰਿਆਈ | ੧੦ ਸਤੰਬਰ |
| ਸ੍ਰੀ ਗੁਰੂ ਰਾਮਦਾਸ ਜੀ ਜੋਤੀ ਜੋਤਿ | ੧੧ ਸਤੰਬਰ | ਸ੍ਰੀ ਗੁਰੂ ਰਾਮਦਾਸ ਜੀ ਗੁਰਿਆਈ | ੨੧ ,, |
| ਸ੍ਰੀ ਗੁਰੂ ਅਮਰਦਾਸ ਜੀ ਜੋਤੀ ਜੋਤਿ | ੨੩ ਸਤੰਬਰ | ਸ੍ਰੀ ਗੁਰੂ ਅੰਗਦ ਦੇਵ ਜੀ ਗੁਰਿਆਈ | ੨੮ ,, |

**ਥਾਂ ਦੀ ਥੁੜ ਕਾਰਨ ਕਵਿਤਾਵਾਂ ਆਉਂਦੇ 'ਸੂਰਾ' ਵਿਚ ਦਿਤੀਆਂ ਜਾਣਗੀਆਂ**

## 'ਸੂਰਾ' ਦੇ ਚੰਦੇ ਤੇ ਬਕਾਏ ਅਮਾਨਤੀ ਲਾਈਫ਼ ਮੈਂਬਰ ਦੇ ਕੇ ਰਸੀਦ ਲਓ

੧. ਲੁਧਿਆਣਾ —ਪ੍ਰੋ: ਜੋਗਾ ਸਿੰਘ ਜੀ, ੬੬-ਸਟਾਫ ਕਾਲੋਨੀ, ਗੁਰੂ ਨਾਨਕ ਇੰਜੀਨੀਰਿੰਗ ਕਾਲਜ
੨. ਲੁਧਿਆਣਾ – ਭਾਈ ਮੋਹਕਮ ਸਿੰਘ ਜੀ, 16-ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ
੩. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੪. ਜਲੰਧਰ – ਭਾਈ ਤ੍ਰਿਲੋਕ ਸਿੰਘ ਜੀ, ਮੈ: ਸੰਤ ਸਿੰਘ ਤ੍ਰਿਲੋਕ ਸਿੰਘ, ਚੌਕ ਪੰਜ ਪੀਰ
੫. ਹੁਸ਼ਿਆਰਪੁਰ - ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੬. ਚੰਡੀਗੜ੍ਹ ਤੇ ਮੋਹਾਲੀ —ਭਾਈ ਫੌਜਿੰਦਰ ਸਿੰਘ ਜੀ, ੫੩੨/੩–ਏ ਫ਼ੇਜ਼, ਐਸ.ਏ.ਐਸ. ਨਗਰ, ਮੋਹਾਲੀ
੭ ਜ਼ਿਲਾ ਸੰਗਰੂਰ —ਪਿੰਡ ਉਪੋਕੇ, ਡਾਕਖਾਨਾ ਮਲੇਰਕੋਟਲਾ, ਭਾਈ ਤਰਲੋਚਨ ਸਿੰਘ ਜੀ
੮. ਫ਼ਰੀਦਾਬਾਦ ਟਾਊਨ (ਹਰਿਆਣਾ) - ਭਾਈ ਬਲਵੰਤ ਸਿੰਘ ਜੀ, ੫–ਡੀ/੫੫, (੧੨੧੦੦੧)
੯. ਦਿੱਲੀ –ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੧੦. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖ਼ਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ
੧੧. ਅੰਮ੍ਰਿਤਸਰ—ਸਿੰਘ ਬ੍ਰਦਰਜ਼, ਬਜ਼ਾਰ ਮਾਈ ਸੇਵਾਂ (ਘੰਟਾ ਘਰ ਦੇ ਸਾਹਮਣੇ) ਫ਼ੋਨ 4573/ ਘਰ 52206

ਸੂਚਨਾ—ਹਰ ਐਤਵਾਰ 'ਸੂਰਾ' ਦੇ ਚੰਦੇ ਸਿਖ ਮਿਸ਼ਨਰੀ ਕਾਲਜ ਦੇ ਸਟਾਲ ਗੁ: ਮੰਜੀ ਸਾਹਿਬ ਆਲਮਗੀਰ, ਲੁਧਿਆਣਾ ਵਿਖੇ ਜਮ੍ਹਾ ਕਰਵਾ ਸਕਦੇ ਹੋ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ੩੯੦-ਦਸਮੇਸ਼ ਕਲਾਥ ਮਾਰਕੀਟ,ਅਜੀਤ ਨਗਰ, ਅੰਮ੍ਰਿਤਸਰ ਤੋਂ ੧-੯-੯੧ ਨੂੰ ਪ੍ਰਕਾਸ਼ਤ ਕੀਤਾ।

www.AKJ.Org

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ
ਦੇਸ 20-00
ਇਕ ਪਰਚਾ 2-00

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ
ਸਮੁੰਦਰੀ ਡਾਕ 50-00
ਹਵਾਈ ਡਾਕ 150-00

Foreign Subscription
Sea Mail 50-00
Air Mail 150-00

ਅਮਾਨਤੀ
ਲਾਈਫ਼ ਮੈਂਬਰ
ਦੇਸ 200-00
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ 500-00
ਹਵਾਈ ਡਾਕ 1500-00

## ਅਖੰਡ ਕੀਰਤਨੀ ਜਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੫ ਸਤੰਬਰ ੧੯੯੧ ਅੰਕ ੯

# ਗੁਰ ਸਮਾਨਿ ਤੀਰਥੁ ਨਹੀ ਕੋਇ

ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥
ਗੁਰ ਉਪਦੇਸਿ ਜਵਾਹਰ ਮਾਣਕ ਸੇਵੇ ਸਿਖੁ ਸੁੋ ਖੋਜਿ ਲਹੈ ॥੧॥
ਗੁਰ ਸਮਾਨਿ ਤੀਰਥੁ ਨਹੀ ਕੋਇ ॥ ਸਰੁ ਸੰਤੋਖੁ ਤਾਸੁ ਗੁਰੁ ਹੋਇ ॥੧॥ਰਹਾਉ॥
ਗੁਰੁ ਦਰੀਆਉ ਸਦਾ ਜਲੁ ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ ॥
ਸਤਿਗੁਰਿ ਪਾਈਐ ਪੂਰਾ ਨਾਵਣੁ ਪਸੂ ਪਰੇਤਹੁ ਦੇਵ ਕਰੈ ॥੨॥
ਰਤਾ ਸਚਿ ਨਾਮਿ ਤਲਹੀਅਲੁ ਸੋ ਗੁਰੁ ਪਰਮਲੁ ਕਹੀਐ ॥
ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ ॥੩॥
ਗੁਰਮੁਖਿ ਜੀਅ ਪ੍ਰਾਨ ਉਪਜਹਿ ਗੁਰਮੁਖਿ ਸਿਵ ਘਰਿ ਜਾਈਐ ॥
ਗੁਰਮੁਖਿ ਨਾਨਕ ਸਚਿ ਸਮਾਈਐ ਗੁਰਮੁਖਿ ਨਿਜ ਪਦੁ ਪਾਈਐ ॥੪॥੬॥

[ਪ੍ਰਭਾਤੀ ਮਹਲਾ ੧, ਪੰਨਾ ੧੩੨੮-੨੯



www.AKJ.Org

# ਗੁਰ ਸਮਾਨਿ ਤੀਰਥੁ ਨਹੀ ਕੋਇ

**ਸ਼ਬਦ ਦੀ ਅਰਥ-ਵਿਆਖਿਆ—**

ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਮਹਾਨ ਤੀਰਥ ਹਨ, ਜਿਨ੍ਹਾਂ ਦੇ ਤੁਲ ਹੋਰ ਕੋਈ ਵੀ ਤੀਰਥ-ਅਸਥਾਨ ਨਹੀਂ ਹੋ ਸਕਦਾ। ਉਹ ਸਤਿਗੁਰੂ ਹੀ ਸੰਤੋਖ ਸਰੂਪੀ ਅੰਮ੍ਰਿਤ ਸਰ-ਸਰੋਵਰ ਹੈ ਜਿਸ ਦੇ ਤੁਫ਼ੈਲ ਮਨੁਖ ਦੇ ਅੰਦਰ ਸੱਚਾ ਸੁਖ ਤੇ ਸੰਤੋਖ ਆ ਵਸਦਾ ਹੈ। (ਰਹਾਉ)।

ਸਤਿਗੁਰੂ ਜੀ ਦੇ ਗਿਆਨ-ਉਪਦੇਸ਼ ਦੁਆਰਾ ਨਾਮ-ਅੰਮ੍ਰਿਤ-ਜਲ ਪ੍ਰਾਪਤ ਹੁੰਦਾ ਹੈ, ਜਿਸ ਵਿਚ ਮਨ ਦਾ ਇਸ਼ਨਾਨ ਹੁੰਦਾ ਹੈ, ਮਨ ਨਾਮ ਦੀ ਅਭਿਆਸ ਕਮਾਈ ਕਰਦਾ ਹੈ, ਇਸ ਤਰ੍ਹਾਂ ੬੮ ਤੀਰਥਾਂ ਦੇ ਇਸ਼ਨਾਨ ਦਾ ਫਲ ਵਿਚੇ ਆ ਜਾਂਦਾ ਹੈ। ਗੁਰ-ਉਪਦੇਸ਼ ਵਿਚ ਕੀਮਤੀ ਜਵਾਹਰ ਤੇ ਮਾਣਕ ਹੀਰੇ ਲਾਲ ਭਰੇ ਪਏ ਹਨ, ਜੋ ਗੁਰਸਿਖ ਨਾਮ-ਅੰਮ੍ਰਿਤ-ਜਲ ਨੂੰ ਸਤਿਗੁਰੂ ਤੋਂ ਪ੍ਰਾਪਤ ਕਰਦਾ ਹੈ, ਉਹ ਖੋਜ-ਢੰਢੋਲ ਕੇ ਪ੍ਰੀਤਮ ਪਿਆਰੇ ਨੂੰ ਪਾ ਲੈਂਦਾ ਹੈ।੧।

ਗੁਰੂ ਐਸਾ ਦਰੀਆਉ ਹੈ, ਜਲ ਦਾ ਸੋਮਾ ਹੈ, ਜਿਸ ਵਿਚ ਵਿਆਪਕ ਨਾਮ-ਅੰਮ੍ਰਿਤ-ਜਲ ਸਦਾ ਹੀ ਨਿਰਮਲ ਹੈ, ਜਿਸ ਨਾਲ ਮਿਲਿਆਂ ਖੋਟੀ ਮਤ ਦੀ ਹਰ ਤਰ੍ਹਾਂ ਦੀ ਮੈਲ ਦੂਰ ਹੋ ਜਾਂਦੀ ਹੈ। ਸਤਿਗੁਰੂ ਦੀ ਪ੍ਰਾਪਤੀ ਹੀ ਪੂਰਾ ਤੀਰਥ-ਇਸ਼ਨਾਨ ਹੈ, ਕਿਉਂਕਿ ਸਤਿਗੁਰੂ ਪਸ਼ੂ ਪ੍ਰੇਤਾਂ ਤੋਂ ਦੇਵਤੇ, ਭਾਵ, ਉਤਮ ਸਤਵਾਦੀ ਪੁਰਖ ਬਣਾ ਦੇਂਦਾ ਹੈ।੨।

ਸਤਿਗੁਰੂ ਸਚਾ ਪਾਤਸ਼ਾਹ ਅੰਦਰਲੇ ਹਿਰਦਿਓਂ ਸਚ-ਵਾਹਿਗੁਰੂ ਵਿਚ, ਵਾਹਿਗੁਰੂ ਦੇ ਨਾਮ ਵਿਚ ਪ੍ਰੋਤਾ ਹੋਇਆ ਹੈ ਅਤੇ ਉਹ ਚੰਦਨ ਸਮਾਨ ਹੈ, ਜਿਸ ਦੀ ਸੁਗੰਧੀ ਵਿਚ, ਜਿਸ ਦੀ ਸੰਗਤ ਵਿਚ ਸਿਖ ਸੰਗਤਾਂ ਰੂਪੀ ਬਨਾਸਪਤੀ ਸਭ ਸੁਗੰਧਤ ਹੋ ਜਾਂਦੀ ਹੈ, ਸਭ ਜੀਵਾਂ ਨੂੰ ਗੁਰੂ ਦੀ ਸੰਗਤ ਸੰਵਾਰ ਦਿੰਦੀ ਹੈ।੩।

ਗੁਰਮੁਖਿ, ਗੁਰੂ ਦੇ ਸਨਮੁਖ ਹੋਇਆਂ, ਗੁਰੂ ਦੇ ਅਨੁਸਾਰੀ ਹੋਇਆਂ, ਪ੍ਰਾਣੀ ਦੇ ਅੰਦਰ ਆਤਮਕ-ਜੀਵਨ ਦੇਣ ਵਾਲੇ ਵਲਵਲੇ ਉਪਜਦੇ ਹਨ ਅਤੇ ਸਤਿਗੁਰ ਦੀ ਸ਼ਰਨ ਪਿਆਂ ਅਨੰਦ ਸਰੂਪ-ਵਾਹਿਗੁਰੂ ਜੀ ਦੇ ਮਹਲ ਵਿਚ ਅਪੜ ਸਕੀਦਾ ਹੈ। ਸਤਿਗੁਰੂ ਨਾਨਕ ਜੀ ਫ਼ੁਰਮਾਂਦੇ ਹਨ ਕਿ ਸਤਿਗੁਰੂ ਦੀ ਚਰਨੀ ਲਗਿਆਂ ਹੀ ਸਚੁ-ਵਾਹਿਗੁਰੂ ਵਿਚ ਸਮਾਈਦਾ ਹੈ ਅਤੇ ਸਤਿਗੁਰੂ ਦੇ ਆਗਿਆਕਾਰੀ ਬਣਿਆਂ ਹੀ ਨਿਜ ਸਰੂਪ ਨੂੰ ਪ੍ਰਾਪਤ ਹੋਈਦਾ ਹੈ।੪।

ਐਸੇ ਅਨੰਦ-ਦਾਤਾ ਅਤੇ ਜੀਅ-ਦਾਤਾ ਸਤਿਗੁਰੂ ਜੀ ਬਾਰੇ ਗੁਰੂ ਰਾਮ ਦਾਸ ਜੀ ਆਪਣੇ ਪਿਆਰ-ਵਲਵਲੇ ਇਉਂ ਦਰਸਾਂਦੇ ਹਨ—

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥
ਮੇਰਾ ਸਤਿਗੁਰੁ ਪਿਆਰਾ ਕਿਤੁ ਬਿਧਿ ਮਿਲੈ ॥
ਹਉ ਖਿਨੁ ਖਿਨੁ ਕਰੀ ਨਮਸਕਾਰੁ ਮੇਰਾ ਗੁਰੁ ਪੂਰਾ ਕਿਉ ਮਿਲੈ ॥੧॥ਰਹਾਉ॥
ਕਰਿ ਕਿਰਪਾ ਹਰਿ ਮੇਲਿਆ ਮੇਰਾ ਸਤਿਗੁਰੁ ਪੂਰਾ ॥
ਇਛ ਪੁੰਨੀ ਜਨ ਕੇਰੀਆ ਲੇ ਸਤਿਗੁਰ ਧੂਰਾ ॥੨॥
ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ ॥
ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ ॥੩॥
ਜਿਸ ਕਉ ਰਿਦੈ ਵਿਗਾਸੁ ਹੈ ਭਾਉ ਦੂਜਾ ਨਾਹੀ ॥
ਨਾਨਕ ਤਿਸੁ ਗੁਰ ਮਿਲਿ ਉਧਰੈ ਹਰਿ ਗੁਣ ਗਾਵਾਹੀ ॥੪॥੮॥੧੪॥੫੨॥

[ਗਉੜੀ ਬੈਰਾਗਣਿ ਮ: ੪, ਪੰਨਾ ੧੬੮



www.AKJ.Org

# ਬਾਬਾ ਰਾਮ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਿਖ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਜਿਨ੍ਹਾਂ ਸੱਜਣਾਂ ਨੇ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਨਿਕਟਵਰਤੀ ਹੋਣ ਦਾ ਮਾਣ ਪ੍ਰਾਪਤ ਕੀਤਾ ਹੈ, ਉਹਨਾਂ ਨੇ ਆਪਣੀ ਜ਼ਬਾਨੀ ਇਹ ਗੱਲਾਂ ਅਸਾਨੂੰ ਦਸੀਆਂ ਹਨ ਕਿ ਸ੍ਰੀ ਬਾਬਾ ਰਾਮ ਸਿੰਘ ਜੀ ਨੇ ਕਦੇ ਭੀ ਆਪਣੀ ਜ਼ਿੰਦਗੀ ਵਿਚ ਨਾ ਹੀ ਇਕੱਲਿਆਂ ਕਿਸੇ ਨੂੰ ਅੰਮ੍ਰਿਤ ਛਕਾਇਆ ਅਤੇ ਨਾ ਹੀ ਕਿਸੇ ਨੂੰ ਇਕੱਲਿਆਂ ਨਾਮ ਦਿਤਾ। ਹਮੇਸ਼ਾ ਅੰਮ੍ਰਿਤ ਛਕਾਉਣ ਦੇ ਮਹਾਂ ਕਾਰਜ ਲਈ ਪੰਜਾਂ ਪਿਆਰਿਆਂ ਦੀ ਸ਼ਮੂਲੀਅਤ ਵਿਚ ਸ਼ਾਮਲ ਹੁੰਦੇ ਰਹੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਓਹਨਾਂ ਦੇ ਵਕਤ ਵਿਚ ਪੰਜ ਪਿਆਰੇ ਹੀ ਨਾਮ (ਗੁਰਮੰਤ੍ਰ) ਦਿੰਦੇ ਰਹੇ। ਚਾਹੇ ਸ੍ਰੀ ਬਾਬਾ ਜੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣ, ਭਾਵੇਂ ਨਾ ਹੋਣ, ਸ੍ਰੀ ਬਾਬਾ ਜੀ ਨੇ ਕਦੇ ਆਪਣੇ ਆਪ ਨੂੰ ਗੁਰੂ ਨਹੀਂ ਸ਼ਦਵਾਇਆ। ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਗੁਰੂ ਮੰਨਦੇ ਸਨ ਅਤੇ ਜਗਿਆਸੂਆਂ ਨੂੰ ਮਨਾਉਂਦੇ ਸਨ।

ਅਜ 'ਸਤਿਜੁਗੀ' ਫ਼ਰਿਸ਼ਤੇ ਇਸ ਬੀਮਾਰੀ ਦਾ ਨਾਉਂ ਸੁਣ ਕੇ ਭੁੜਕ ਉੱਠੇ ਹਨ। ਬੀਮਾਰੀ ਦਸਣ ਵਾਲਿਆਂ ਨੂੰ, ਬੀਮਾਰੀ ਦੀ ਸੂੰਹ ਲਾਉਣ ਵਾਲਿਆਂ ਨੂੰ ਮਨਮਤੀਏ ਦਸਦੇ ਹਨ। ਬੀਮਾਰੀ ਪਾਉਣ ਵਾਲਿਆਂ ਨੂੰ ਮਨਮਤੀਏ ਮੰਨਣੋਂ ਸੰਕੋਚਦੇ ਹਨ।

"ਇਹ ਸਿਮਰਨੁ ਸਤਿਗੁਰ ਤੇ ਪਾਈਐ"* ਦੇ ਗੁਰਵਾਕ ਦੀ ਪੰਗਤੀ ਦੀ ਕਸੌਟੀ ਅਨੁਸਾਰ ਗੁਰਮਤਿ ਮਹਿਮਾ-ਮਈ ਸਿਮਰਨ ਦਾ ਦਾਤਾ ਕੇਵਲ ਸਤਿਗੁਰੂ ਹੀ ਹੋ ਸਕਦਾ ਹੈ। ਕੀ ਇਹ ਅੱਜ ਕਲ੍ਹ ਦੇ ਨਾਮ ਦੇਣ ਵਾਲੇ ਸਾਰੇ ਦੇ ਸਾਰੇ ਹੀ ਸਤਿਗੁਰੂ ਹਨ ? ਜਿਸ ਕਿਸੇ ਇਕੱਲੇ ਸਿਖ ਨੇ ਖ਼ੁਦ ਨਾਮ ਦੇਣ ਦੀ ਹਮਾਕਤ ਕੀਤੀ, ਉਸ ਨੇ ਮਾਨੋ ਗੁਰੂ ਬਣਨ ਦੀ ਹਮਾਕਤ ਭੀ ਕੀਤੀ। ਬੱਸ, ਇਸ ਤਰ੍ਹਾਂ ਹੀ ਗੁਰੂ ਡੰਮ੍ਹ ਦੀ ਬੀਮਾਰੀ ਫੈਲੀ ਅਤੇ ਮਹਾਂ ਮਨਮਤਿ ਪ੍ਰਕਾਸ਼ਕ ਹੋਈ। ਨਾਮ ਗੁਰਮੰਤ੍ਰ ਦਾ ਦਾਤਾ ਸਿਮਰਨ ਦਾ ਦਾਤਾ ਹੈ ਤਾਂ ਸਿਰਫ਼ ਸਤਿਗੁਰੂ ਹੀ ਹੈ। ਇਕੋ, ਕੋਈ ਇੱਕ ਇਕੇਲਾ ਸਿੱਖ ਕਦੇ ਭੀ ਨਾਮ ਦਾ ਦਾਤਾ, ਨਹੀਂ ਹੋ ਸਕਦਾ, ਭਾਵੇਂ ਕਿਤਨੀ ਕਰਣੀ ਵਾਲਾ ਕਿਉਂ ਨਾ ਹੋਵੇ। ਕਰਨੀ ਵਾਲੇ ਪੰਜ ਸਿੰਘਾਂ ਦਾ ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਹੀ ਸ੍ਰੀ ਗੁਰੂ ਦਸਮੇਸ਼ ਜੀ ਦੇ ਪਰਪੱਕ ਪ੍ਰਚਲਤ ਕੀਤੇ ਅਸੂਲ ਮਰਯਾਦਾ ਅਨੁਸਾਰ ਅੰਮ੍ਰਿਤ ਛਕਾ ਸਕਦਾ ਹੈ ਅਤੇ ਇਸ ਅੰਮ੍ਰਿਤ ਪ੍ਰਚਾਰ ਦੇ ਸਮੇਂ ਨਾਮ ਦੀ ਦਾਤਿ ਅਧਿਕਾਰੀ ਜਨਾਂ ਨੂੰ ਦੇ ਸਕਦਾ ਹੈ। ਇਸ ਦੇ ਉਲਟ ਜੇ ਕੋਈ ਕਰਦਾ ਹੈ ਸੋ ਮਨਮਤਿ ਤੇ ਮਹਾਂ ਮਨਮਤਿ ਕਰਦਾ ਹੈ।

## ਸਤਿਗੁਰੂ ਇੱਕ ਹੈ–

ਗੁਰ-ਸ਼ਬਦ-ਸਿਮਰਨ ਰੂਪੀ ਹੱਟ ਚਲਾਉਣਹਾਰਾ, ਸਿਮਰਨ ਦੀਆਂ ਦਾਤਾਂ ਦੇਵਣਹਾਰਾ, ਗੁਰਿਆਈ ਦੇ ਤਖ਼ਤ ਚਵਰ ਦਾ ਅਧਿਕਾਰੀ ਗੁਰੂ ਸਤਿਗੁਰੂ ਇਕੋ ਸਮੇਂ ਵਿਖੇ ਇਕੋ ਹੀ ਹੋ ਸਕਦਾ ਹੈ, ਐਸਾ ਸੱਚ ਸੱਚਾ ਸਭਦੂ ਵੱਡਾ ਗੁਰੂ, ਸਤਿਗੁਰੂ ਪਦ, ਇਕ ਨੂੰ ਮਿਲ ਸਕਦਾ ਹੈ ਅਤੇ ਉਸੱ ਨੂੰ ਮਿਲ ਸਕਦਾ ਹੈ ਜਿਸ ਨੂੰ ਕਿ ਸਤਿਗੁਰੂ ਟਿੱਕੇ ਅਤੇ ਜਿਸ ਦਾ ਜੋਤਿ ਸਰੂਪੀ ਲਿਵ ਧਿਆਨ ਧੇਯ ਵਿਖੇ ਇੱਕ-ਮਿੱਕ ਹੋਵੇ। ਯਥਾ–

ਸਚੁ ਸਚਾ ਸਭਦੂ ਵਡਾ ਹੈ ਸੋ ਲਏ ਜਿਸੁ ਸਤਿਗੁਰੁ ਟਿਕੇ ॥
ਸੋ ਸਤਿਗੁਰੁ ਜਿ ਸਚੁ ਧਿਆਇਦਾ ਸਚੁ ਸਚਾ ਸਤਿਗੁਰੁ ਇਕੇ ॥
ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ ॥੯॥

ਗਉੜੀ ਕੀ ਵਾਰ ਮ: ੪, ਪੰਨਾ ੩੦੪

ਤਾਂ ਤੇ ਗੁਰਬਾਣੀ ਦੀ ਕਸਉਟੀ ਅਨੁਸਾਰ ਸਤਿਗੁਰੂ ਪੁਰਖ ਦੀਆਂ ਇਹ ਨਿਸ਼ਾਨੀਆਂ ਹਨ–

*ਰਾਮਕਲੀ ਕਬੀਰ ਜੀ, ਪੰਨਾ ੯੭੧

(੧) ਸਤਿਗੁਰੂ ਪੁਰਖ ਇਕੋ ਸਮੇਂ ਵਿਖੇ ਇਕੋ ਹੀ ਹੋ ਸਕਦਾ ਹੈ।
(੨) ਸੋਈ ਹੋ ਸਕਦਾ ਹੈ ਜਿਸ ਨੂੰ ਅਕਾਲ ਪੁਰਖ ਵਲੋਂ ਗੁਰਿਆਈ ਦਾ ਟਿੱਕਾ ਮਿਲਿਆ।
(੩) ਜੋ ਜੋਤਿ-ਜੁਗਤਿ ਕਰਤੇ ਜੋਤੀਜ ਸਰੂਪ ਨਾਲ ਇੱਕ-ਮਿੱਕ ਹੋਵੇ।
(੪) ਜੋ ਗੁਰ-ਸ਼ਬਦ ਹੱਟ ਦਾ ਸੱਚਾ ਸ਼ਾਹ ਹੋਵੇ।
(੫) ਜੋ ਗੁਰਮੰਤ੍ਰ ਨਾਮ ਸਿਮਰਨ ਰੂਪੀ ਸੱਚੀ ਵੱਥ ਦਾ ਸੱਚਾ ਦਾਤਾਰ ਹੋਵੇ।
(੬) ਜਿਸ ਦਾ ਅਹਿਨਿਸਿ ਲਿਵ-ਧਿਆਨ ਧੇਜ (ਪਰਮਾਤਮਾ ਪਰਮੇਸੁਰ ਵਾਹਿਗੁਰੂ ਅਕਾਲ ਪੁਰਖ) ਵਿਖੇ ਜੁੜਿਆ ਰਹੇ।
(੭) ਜਿਸ ਨੇ ਪੰਜੇ ਦੂਤ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਵੱਸ ਕਰ ਕੇ ਛਿੱਕੇ ਤੇ ਬੰਨ੍ਹ ਲਏ ਹੋਣ।
(੮) ਜਿਸ ਨੂੰ "ਧੁਰ ਕੀ ਬਾਣੀ ਆਈ" ਉਚਾਰਨ ਦੀ ਸਮਰੱਥਾ ਹੋਵੇ।

ਇਹਨਾਂ ਸਿਫ਼ਤਾਂ ਵਾਲਾ ਸਤਿਗੁਰੂ ਹੋ ਸਕਦਾ ਹੈ। ਹੋਰ ਜਣਾ ਖਣਾ ਥੋੜੇ ਹੋ ਸਕਦਾ ਹੈ ? ਇਥੇ ਅਜ ਕੱਲ੍ਹ ਇੱਟ ਚੁਕੋ ਤਾਂ ਗੁਰੂ ਉਤਪੰਨ ਹੋ ਜਾਂਦਾ ਹੈ। ਓਹ ਆਪੇ ਹੀ ਗੁਰੂ ਬਣ ਬਣ ਬਹਿੰਦੇ ਹਨ, ਨਾ ਕਿਸੇ ਦੇ ਥਾਪੇ, ਨਾ ਗੁਰੂ ਸਤਿਗੁਰ ਅਕਾਲ ਪੁਰਖ ਦੇ ਟਿੱਕੇ, ਨਾ ਗੁਰੂ ਕਰਤਾਰ ਦੇ ਦਰਗਾਹੀ ਦਰਬਾਰ ਵਲੋਂ ਥਾਪੇ ਗਏ। ਇਕੋ ਸਮੇਂ ਅੰਦਰ ਹੀ ਅਨੇਕ ਗੁਰੂ-ਗੱਦੀਆਂ ਚੱਲੀਆਂ ਹੋਈਆਂ ਹਨ। ਬੱਸ ਹਰ ਕੋਈ ਕੰਨਾਂ ਵਿਚ ਮੰਤ੍ਰ ਫੂਕ ਕੇ ਇਕ ਇਕੱਲਾ ਹੀ ਆਪੋ ਆਪਣੇ ਥਾਉਂ ਗੁਰੂ ਬਣ ਬਹਿੰਦਾ ਹੈ। ਗੁਰੂਓਂ ਘਟ ਕੋਈ ਸਦਾਉਣਾ ਹੀ ਨਹੀਂ-ਚਾਹੁੰਦਾ। ਨਿਰੰਕਾਰੀਆਂ ਦਾ ਗੁਰੂ ਅਲੱਗ, ਨਾਮਧਾਰੀਆਂ ਦਾ ਗੁਰੂ ਅਲੱਗ, ਰਾਧਾ ਸੁਆਮੀਆਂ ਦਾ ਗੁਰੂ ਅਲੱਗ, ਗਹਿਰ ਗਭੀਰੀਆਂ ਦਾ ਗੁਰੂ ਅਲੱਗ,ਇਤਿ ਆਦਿ ਥਾਉਂ ਥਾਈਂ ਗੁਰ-ਪ੍ਰਣਾਲੀਆਂ ਚਲੀਆਂ ਹੋਈਆਂ ਹਨ। **ਜ਼ਰਾ ਕੁ ਕਿਸੇ ਦੀ ਸੰਤਗੀਰੀ ਪ੍ਰਸਿਧ ਹੋਈ, ਓਹੋ ਹੀ ਗੁਰੂ ਕਹਾਵਣ ਲੱਗ ਪਿਆ।**

**ਬਾਣੀ ਦਾ ਬੋਹਿਥਾ "ਸਤਿਗੁਰੂ"—**

ਸਿਮਰਨ-ਦਾਤੇ ਸਤਿਗੁਰੂ ਮਹੱਤੁ ਦਾ ਸਭ ਤੋਂ ਵਡਾ ਕਰਤੱਵ ਇਹ ਹੈ ਕਿ ਉਸ ਨੂੰ ਧੁਰੋਂ ਆਈ ਬਾਣੀ ਉਚਾਰਨ ਕਰਨ ਦੀ ਸਮਰੱਥਤਾ ਪ੍ਰਾਪਤ ਹੋਵੇ, ਜਿਸ ਨੂੰ ਧੁਰੋਂ ਆਈ ਖਸਮ ਕੀ ਬਾਣੀ ਉਤਰੇ। ਜੋ ਅਲਪੱਗ ਪੁਰਸ਼ ਸਤਿਗੁਰ ਦੀ ਰੀਸੇ ਬਾਣੀ ਉਚਾਰਨ ਦੀ ਹਮਾਕਤ ਕਰਦੇ ਹਨ, ਉਨ੍ਹਾਂ ਪ੍ਰਥਾਇ ਹੀ ਅਗਲਾ ਗੁਰਵਾਕ ਇੰਨ ਬਿੰਨ ਘਟਦਾ ਹੈ :—

ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥
ਓਨਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥੯॥

ਗਉੜੀ ਕੀ ਵਾਰ ਮ: ੪, ਪੰਨਾ ੩੦੪

ਭਾਵ, ਸਤਿਗੁਰੂ ਦੀ ਬਾਣੀ ਹੀ ਧੁਰ ਕੀ ਬਾਣੀ ਹੋਣ ਕਰਿ ਸਤਿ ਸਰੂਪ ਬਾਣੀ ਹੈ ਅਤੇ ਗੁਰੂ (ਸਤਿਗੁਰੂ) ਨੂੰ ਹੀ ਇਹ ਬਾਣੀ ਉਚਾਰਨੀ ਬਣਿ ਆਉਂਦੀ ਹੈ, ਅਰਥਾਤ, ਗੁਰੂ ਨੂੰ ਹੀ ਬਾਣੀ ਉਚਾਰਨ ਦਾ ਅਧਿਕਾਰ ਹੈ, ਹੋਰ ਕਿਸੇ ਨੂੰ ਨਹੀਂ। ਜੋ ਹੋਰ ਅਲਪੱਗ ਪੁਰਸ਼, ਸਰਬੱਗ ਪੁਰਖ ਸਤਿਗੁਰ ਦੀ ਰੀਸੈ ਕਚ ਪਿਚ ਬਾਣੀ, ਕੱਚੀ ਬਾਣੀ ਉਚਾਰਨ ਦੀ ਢੀਠਤਾ ਕਰਦੇ ਹਨ, ਸੋ ਕੂੜਿਆਰ ਹਨ ਅਤੇ ਐਸੇ ਕੂੜ ਕੁਫਰਾਨੀ ਕੂੜਿਆਰ ਪੁਰਸ਼ ਛੇਤੀ ਹੀ ਝੜ ਪੈਂਦੇ ਹਨ ਅਤੇ ਉਨ੍ਹਾਂ ਦਾ ਕੂੜ ਪਾਜ ਉਘੜਿ ਜਾਂਦਾ ਹੈ, ਕਿਉਂਕਿ ਉਨ੍ਹਾਂ ਦੀ ਅੰਦਰਲੀ ਵਾਸ਼ਨਾ ਤ੍ਰਿਸ਼ਨਾ ਹੋਰ ਹੁੰਦੀ ਹੈ। ਸਤਿ ਸਰੂਪ ਦੀ ਉਨ੍ਹਾਂ ਨੂੰ ਵਿਗਾਸ ਲਖ਼ਤਾ ਹੁੰਦੀ ਨਹੀਂ, ਸੋ ਉਹ ਐਵੇਂ ਹੀ ਅਰਲ ਬਰਲ ਮੂੰਹੋਂ ਬੋਲਦੇ ਹਨ। ਅਭਿਪਰਾ ਉਨ੍ਹਾਂ ਦਾ ਮਾਇਆ ਰੂਪੀ ਬਿਖ ਦੇ ਬਟੋਰਨ ਦਾ ਹੁੰਦਾ ਹੈ, ਬਿਖ ਮਾਇਆ ਹੇਤ ਹੀ ਉਹ ਪਏ ਝਖਾਂ ਮਾਰਦੇ ਹਨ ਅਤੇ ਸਤਿਗੁਰੂ ਬਣਨ ਦੇ ਅਹੰਕਾਰ ਵਿਚ ਪਏ ਸੜ ਸੜ ਕੜ੍ਹ ਕੜ੍ਹ ਮਰਦੇ

ਹਨ; ਕਿਉਂਕਿ ਵਾਸਤਵ ਵਿਚ ਗੁਰੂ ਉਹ ਬਣ ਸਕਦੇ ਨਹੀਂ, ਆਪਣਾ ਝੱਸ ਹੀ ਪੂਰਾ ਕਰਦੇ ਹਨ। ਅੱਜ ਕਲ੍ਹ ਨਵੇਂ ਡੰਮ੍ਹੀ ਗੁਰੂ ਬਾਣੀ ਉਚਾਰਨ ਵਾਲੇ ਉਗਵ ਰਹੇ ਹਨ, ਪਰ ਭਾਵੇਂ ਕੋਈ ਕੋਹਤੂਰ ਤੋਂ ਸਰਮਨ ਔਫ਼ ਦੀ ਮਾਊਂਟ (*Sermen of the Mount*) ਦਾ ਰੱਬੀ ਸੰਦੇਸ਼ਾ ਲਿਆਵੇ, ਭਾਵੇਂ ਕੈਲਾਸ਼ ਪਰਬਤ ਤੋਂ, ਭਾਵੇਂ ਕੋਹ ਐਵਰੈਸਟ ਤੋਂ ਇਲਹਾਮੀ ਮੈਸੇਜ (ਸੰਦੇਸ਼ਾ) ਲਿਆਵੇ, ਇਨ੍ਹਾਂ ਸਭਨਾਂ ਦੀ ਬਾਣੀ ਇਸ ਗੁਰਵਾਕ ਅਨੁਸਾਰ ਨਿਰੀ ਕੱਚੀ ਬਾਣੀ ਹੀ ਹੈ :—

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥
ਹਰਿ ਹਰਿ ਨਿਤ ਕਰਹਿ ਰਸਨਾ ਕਹਿਆ ਕਛੂ ਨ ਜਾਣੀ ॥
ਚਿਤੁ ਜਿਨ ਕਾ ਹਿਰਿ ਲਇਆ ਮਾਇਆ ਬੋਲਨਿ ਪਏ ਰਵਾਣੀ ॥
ਕਹੈ ਨਾਨਕੁ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥੨੪॥ ਰਾਮਕਲੀ ਮ: ੩ ਅਨੰਦੁ, ਪੰਨਾ ੯੨੦

ਕੋਈ ਕਲਕੀ ਅਵਤਾਰ ਬਣਨ ਦਾ ਡੰਭ ਰਚਦਾ ਹੈ, ਕੋਈ ਨਿਹਕਲੰਕ ਅਵਤਾਰੀ ਗੁਰੂ ਦਾ ਡੰਮ ਰਚਣ ਦੀ ਬੀਮਾਰੀ ਸਹੇੜੀ ਬੈਠਾ ਹੈ। ਅਨੇਕਾਂ ਆਪਾ-ਪੰਥੀ-ਗੁਰੂ-ਡੰਮ੍ਹੀਏ ਖੁੰਬਾਂ ਵਾਂਗੂੰ ਨਿਤ ਨਵੇਂ ਦੁਪਹਿਰ ਉਗਵ ਉਪਜ ਰਹੇ ਹਨ। ਸ੍ਰੀ ਦਸਮੇਸ਼ ਜੀ ਦਾ ਭਵਿਸ਼ਤ ਵਾਕ ਪੂਰਾ ਹੋ ਰਿਹਾ ਹੈ "ਘਰ ਘਰ ਹੋਇ ਬੈਠ ਹੈਂ ਰਾਮਾ ॥ ਤਿਨ ਤੇ ਸਰੈ ਨ ਕੋਊ ਕਾਮਾ ॥"*

## ਨਾਮਧਾਰੀ ਸ਼੍ਰੇਣੀ ਅਤੇ ਬਾਬਾ ਰਾਮ ਸਿੰਘ ਜੀ—

ਜਦ ਤਾਈਂ ਅਸਾਡੀ ਨਾਮਧਾਰੀ ਸ਼੍ਰੇਣੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੱਚਾ ਗੁਰਦੇਵ ਮੰਨਿਆ ਅਤੇ ਸ੍ਰੀ ਬਾਬਾ ਸਾਹਿਬ ਬਾਬਾ ਰਾਮ ਸਿੰਘ ਜੀ ਦੇ ਪੂਰਨਿਆਂ ਤੇ ਚਲ ਕੇ ਇਸ ਸ਼੍ਰੇਣੀ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਪੰਜਾਂ ਗੁਰਮੁਖ ਪਿਆਰਿਆਂ ਦੁਆਰਾ ਅੰਮ੍ਰਿਤ ਛਕਣ ਅਤੇ ਗੁਰ-ਦੀਖਿਆ ਗੁਰਮੰਤਰ ਲੈਣ ਦੀ ਤੱਤ ਗੁਰਮਤਿ ਮਰਯਾਦਾ ਚੱਲੀ ਰਹੀ, ਤਦ ਤਾਈਂ ਇਸ ਸ਼੍ਰੇਣੀ ਅੰਦਰ ਉਚ ਕਮਾਈਆਂ ਵਾਲੇ ਨਾਮ-ਅਭਿਆਸੀ ਜੀਵਨ ਉਤਪੰਨ ਹੁੰਦੇ ਰਹੇ, ਪਰ ਜਦੋਂ ਭੀ ਇਸ ਗੁਰ-ਮਰਯਾਦਾ ਵਿਚ ਭੰਗਣਾ ਪਈ, ਓਦੋਂ ਤੋਂ ਹੀ ਥਾਉਂ ਥਾਈਂ ਸਿਮਰਨ-ਦਾਤੇ ਗੁਰੂ ਡੰਮ੍ਹ ਦੀ ਗੀਤਾ ਪਸਾਰ ਬੈਠੇ। ਅਜਰ ਪਦ ਜਰਿਆ ਨਾ ਗਿਆ। ਚੜ੍ਹਦੀ ਕਲਾ ਤੋਂ ਖੜ੍ਹਦੀ ਕਲਾ ਹੋ ਗਈ। ਅਗਲੀ ਗੱਲ ਭੀ ਗਵਾ ਬੈਠੇ। ਅੱਜ ਕਲ੍ਹ ਉਨ੍ਹਾਂ ਨੂੰ ਇਕੱਲੇ ਇਕੱਲੇ ਨਾਮ ਦੇਣ ਦਾ ਲਾਈਸੰਸ ਮਿਲਿਆ ਹੋਇਆ ਹੈ। ਜਿਨ੍ਹਾਂ ਦਾ ਆਤਮਕ ਜੀਵਨ ਪ੍ਰਮਾਰਥ ਵਲੋਂ ਉਕਾ ਹੀ ਗਿਰਿਆ ਹੋਇਆ ਹੈ, ਜਿਨ੍ਹਾਂ ਦਾ ਸ਼ੇਵਾ ਗੁਰੂ ਪੰਥ ਵਿਖੇ ਦੁਫਾੜ ਪਾਉਣ ਦਾ ਹੈ, ਨਾਮਧਾਰੀ ਸ਼੍ਰੇਣੀ ਅੰਦਰ ਉਹ ਪ੍ਰਧਾਨ ਮੰਨੇ ਹੋਏ ਹਨ ਅਤੇ ਮੰਨੇ-ਦੰਨੇ ਲੀਡਰ ਸਦਾਉਂਦੇ ਹਨ। ਇਨ੍ਹਾਂ ਲੀਡਰਾਂ ਦੇ ਤੁਫ਼ੈਲ ਹੀ ਇਸ ਸ਼੍ਰੇਣੀ ਨੂੰ ਬਹੁਤੀ ਹਾਨੀ ਪੁਜੀ ਹੈ। ਸਾਰੇ ਝਗੜਿਆਂ ਦੀ ਜੜ੍ਹ ਇਹ ਹਨ। ਕਦੇ ਇਹ ਪੁਲੀਟੀਕਲ ਤੰਦਣ-ਤਾਣੇ ਵਿਚ ਭੀ ਤੀਸਮਾਰ ਖ਼ਾਂ ਬਣ ਬਹਿੰਦੇ ਹਨ, ਕਦੇ ਸੋਸ਼ਲਿਸਟਾਂ ਵਿਚ ਹੱਥ ਪੈਰ ਜਾ ਮਾਰਦੇ ਹਨ, ਕਦੇ ਅਕਾਲੀਆਂ ਨਾਲ ਰਲ ਕੇ ਧੜੇਬੰਦੀ ਦਾ ਬਾਜ਼ਾਰ ਗਰਮ ਕਰਦੇ ਹਨ, ਕਦੇ ਸਰਕਾਰ-ਪ੍ਰਸਤ ਤੇ ਸਰਮਾਏਦਾਰਾਂ ਦਾ ਜਾ ਦਮ ਭਰਦੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਨਾਮਧਾਰੀਆਂ ਦੇ ਮੰਨੇ-ਪ੍ਰਮੰਨੇ ਬਾਰ੍ਹਵੇਂ ਯਾ ਤੇਰ੍ਹਵੇਂ ਗੱਦੀ-ਨਸ਼ੀਨ ਗੁਰੂ ਦੇ ਇਹ ਮਨਚਲੇ ਲੋਗ ਮਨਜ਼ੂਰੇ ਨਜ਼ਰ ਹਨ। ਕਹਿੰਦੇ ਹਨ ਕਿ ਅਸੀਂ ਕਲਜੁਗ ਵਿਚ ਸਤਿਜੁਗ ਵਰਤਾ ਛਡਿਆ ਹੈ ਅਤੇ ਚੱਕਰ-ਵਰਤੀ ਰਾਜ ਦਾ ਭੀ ਨਾਮਧਾਰੀਆਂ ਨੂੰ ਦਾਅਵੇਦਾਰ ਮੁਸਤਹਿਕ ਬਣਾ ਛੱਡਿਆ ਹੈ; ਪਰ ਦਰ-ਅਸਲ ਕਲਜੁਗ ਅੰਦਰ ਮਹਾਂ ਘੋਰ ਕਲਜੁਗ ਵਿਥਾਰਿਆ ਜਾ ਰਿਹਾ ਹੈ। ਕੀ ਉਨ੍ਹਾਂ ਦੀ ਸ਼੍ਰੇਣੀ ਵਿਚ ਨਾਮ ਦ੍ਰਿੜ੍ਹਾਉਣ ਅਤੇ ਸਿਮਰਨ ਦੀ ਦਾਤਿ ਦੀ ਸਖਤ ਨਿਰਾਦਰੀ ਨਹੀਂ ਹੋ ਰਹੀ ? ਕੀ ਉਹ ਗੁਰਮਤਿ

---

* ਦਸਮ ਗ੍ਰੰਥ, ਕਲਕੀ, ੧੨-੪

'ਸੂਰਾ' ਅੰਮ੍ਰਿਤਸਰ, ਸਤੰਬਰ ੧੯੯੧

www.AKJ.Org

ਅਸੂਲਾਂ ਤੋਂ ਉਲਟ ਗੁਰੂ ਡੰਮ ਦੀ ਬੀਮਾਰੀ ਨਹੀਂ ਫੈਲਾ ਰਹੇ ? ਕਦੇ ਵੀ ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਕਿ ਦੀਨ ਦੁਨੀ ਦੇ ਸੱਚੇ ਪਾਤਸ਼ਾਹ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਮਸਰੀ ਕਰ ਕਰ ਕੇ ਘਰ ਘਰ ਅੰਦਰ ਗੁਰੂ ਬਣ ਬਣ ਬੈਠਣ ਅਤੇ ਅਲਪੱਗ ਜੀਵ ਸਰਬੱਗ ਮਹਾਂ ਪੁਰਖਾਂ ਦੇ ਸ਼ਰੀਕ ਹੋ ਖਲੋਵਣ । ਸ੍ਰੀ ਗੁਰੂ ਦਸਮੇਸ਼ ਜੀ ਨੇ ਗੁਰ-ਗੱਦੀ ਦਾ ਟਿੱਕਾ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਅਜ਼ਲੀ ਤੇ ਅਬਦੀ ਗੁਰੂ, "ਆਦਿ ਅੰਤਿ ਏਕੈ ਅਵਤਾਰਾ"* ਗੁਰੂ ਥਾਪ ਦਿਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਪੰਜਾਂ ਪਿਆਰਿਆਂ ਨੂੰ ਸਿਮਰਨ-ਦਾਤਿ ਦੇਣ ਦਾ ਅਧਿਕਾਰ ਬਖਸ਼ਿਆ । ਇਸ ਬਿਧ ਇਹਨਾਂ ਪੰਜਾਂ ਅੰਦਰ ਗੁਰੂ ਦੀ ਕਲਾ, ਸਤਿਗੁਰੂ ਦੀ ਸੰਪੂਰਨ ਆਤਮ-ਸ਼ਕਤਿ ਵਰਤਾਈ ਅਤੇ ਹਮੇਸ਼ਾ ਲਈ ਗੁਰੂ ਡੰਮ੍ਹ ਦਾ ਸਿਲਸਿਲਾ ਖ਼ਤਮ ਕਰ ਦਿਤਾ ਅਤੇ ਦੇਹਧਾਰੀਆਂ ਦੀ ਗੁਰੂ ਬਣਨ ਦੀ ਬੁਲ-ਹਵਸੀ ਵਾਲੀ ਬੀਮਾਰੀ ਨੂੰ ਠੱਲ੍ਹ ਪਾ ਦਿਤੀ । ਹੁਣ ਮਨਮੁਖ ਲੋਕ ਗੁਰੂ ਆਈਨੀ ਆਗਿਆ ਤੋਂ ਉਲਟ ਫੇਰ ਓਹੋ ਬੀਮਾਰੀ ਫੈਲਾਇਆ ਲੋੜਦੇ ਹਨ । ਇਹ ਪੰਥ ਨੂੰ ਹਾਨੀ ਪਹੁੰਚਾ ਰਹੇ ਹਨ । ਸ੍ਰੀ ਗੁਰੂ ਦਸਮੇਸ਼ ਜੀ ਦੇ ਹੁਕਮਾਂ ਦੀ, ਗੁਰਮਤਿ ਅਸੂਲਾਂ ਦੀ, ਪੰਜਾਂ ਪਿਆਰਿਆਂ ਦੀ, ਗੁਰ-ਬਖ਼ਸ਼ੀ ਪਦਵੀ ਦੀ ਅਤੇ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਘੋਰ ਬੇਅਦਬੀ ਕਰ ਰਹੇ ਹਨ ।

**ਅੰਮ੍ਰਿਤ-ਬਾਣੀ ਦੇ ਸਰ-ਚਸ਼ਮੇ**

**ਜੁਗੋ ਜੁਗ ਅਟੱਲ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ—**

ਗੁਰਬਾਣੀ ਅੰਦਰ ਸ਼ਬਦ ਵਿਚਾਰ (ਗੁਰ ਸ਼ਬਦ ਵਿਚਾਰ, ਗੁਰਮਤਿ ਨਾਮ ਵਿਚਾਰ, ਸਤਿਗੁਰ ਬਚਨ ਵਿਚਾਰ) ਕਰਨ ਕਰਾਵਣ ਦੇ ਜਿਤਨੇ ਭੀ ਹੁਕਮ ਆਉਂਦੇ ਹਨ, ਉਹਨਾਂ ਵਿਚ ਸ਼ਬਦ ਵਿਚਾਰ ਤੋਂ ਭਾਵ ਸ਼ਬਦ ਅਭਿਆਸ ਕਮਾਈ; ਗੁਰਮਤਿ ਨਾਮ ਅਭਿਆਸ ਕਮਾਈ ਹੈ । ਸੁਆਸ ਸੁਆਸ, ਸਾਸ ਗਿਰਾਸ ਨਾਮ ਅਭਿਆਸ ਦੀ ਸੱਚੀ ਕਾਰ ਕਮਾਵਣਾ ਇਹੋ ਸੱਚਾ ਗੁਰਮਤਿ ਵਿਚਾਰ ਹੈ । ਯਥਾ ਗੁਰਵਾਕ—

ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ.. ॥੪॥੯੯॥ ਸਿਰੀਰਾਗੁ ਮ: ੫, ਪੰਨਾ ੫੨.

ਸਤਿਗੁਰ ਬਚਨਾਂ ਰੂਪੀ ਹੁਕਮਾਂ ਦੀ ਤਾਮੀਲ ਕਰਨੀ ਇਹ ਸਤਿਗੁਰ ਬਚਨ ਕਮਾਵਣੇ ਹਨ । ਸਤਿਗੁਰ ਦਾ ਹੁਕਮਾਂ ਸਿਰ ਹੁਕਮ ਹੈ ਨਾਮ ਦਾ ਜਪਣਾ । ਤਾਂ ਤੇ ਨਾਮ ਜਪਣਾ, ਅਰਥਾਤ, ਨਾਮ ਅਭਿਆਸ ਕਮਾਈ ਕਰਨਾ ਹੀ ਸਤਿਗੁਰੂ ਦੇ ਹੁਕਮਾਂ ਦੀ ਤਾਮੀਲ ਕਰਨਾ, ਅਰਥਾਤ, ਸਤਿਗੁਰ ਬਚਨਾਂ ਦਾ ਕਮਾਵਣਾ ਹੈ ।...

ਅੰਮ੍ਰਿਤ-ਬਾਣੀ ਦੇ ਸਰਸ਼ਾਰ ਸਰੋਵਰ, ਅੰਮ੍ਰਿਤ ਬਾਣੀ ਦੇ ਭੰਡਾਰ ਸਰ-ਚਸ਼ਮੇ ਦੇ ਜੁਗੋ ਜੁਗ ਆਦਿ ਅੰਤਿ ਏਕੋ ਗੁਰੂ ਅਵਤਾਰ ਹੁਣ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਨੂੰ ਕਿ ਹੁਕਮ ਅਕਾਲ ਦੁਆਰਾ ਸ੍ਰੀ ਕਲਗੀਧਰ ਦਸਮੇਸ਼ ਗੁਰੂ ਜੀ ਨੇ ਅਸਥਾਪਨ ਕੀਤਾ ਹੈ, ਜਿਨ੍ਹਾਂ ਦੇ ਦਰਸ਼ਨ ਕੀਤਿਆਂ ਸੈਂਕੜੇ ਹਜ਼ਾਰਾਂ ਗੁਰਸਿਖ ਸੰਤ-ਚਕੋਰਾਂ ਦੀ ਜਲਨ ਬੁਝਦੀ ਹੈ ਅਤੇ ਮਨ ਸੀਤਲ ਹੁੰਦੇ ਹਨ, ਜਿਨ੍ਹਾਂ ਦੀ ਅੰਮ੍ਰਿਤ ਬਾਣੀ ਸੁਣ ਸੁਣ ਕੇ ਸ੍ਰੋਤੇ ਜਨਾਂ ਦੀ ਪਰਮ ਗਤਿ ਹੁੰਦੀ ਹੈ । ਯਥਾ ਗੁਰਵਾਕ—

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ ॥
ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਇ ਜੀਉ ॥੧॥੩੦॥

ਮਾਝ ਮ: ੫; ਪੰਨਾ ੧੦੩

ਕੀ ਇਹਨਾਂ ਆਪੋਂ ਬਣ ਬੈਠੇ ਦੇਹਧਾਰੀ ਗੁਰੂਆਂ ਨੂੰ ਅਪਿਉ ਨਿਝਰ ਝਰਨਿਆਂ ਦੇ ਝਰਨ ਵਾਲੀ ਅੰਮ੍ਰਿਤ ਬਾਣੀ ਦੇ ਉਚਾਰਨ ਦੀ ਸਮਰੱਥਾ ਹੈ ? ਐਵੇਂ ਗਦੀਆਂ ਮੱਲ ਮੱਲ ਕੇ ਅਤੇ ਚੌਰ ਝੁਲਾ ਝੁਲਾ ਕੇ ਗੁਰੂ ਬਣਨ ਦੀਆਂ ਰੀਸਾਂ ਅਤੇ ਸਿਮਰਨ-ਦਾਤੇ ਬਣਨ ਦੀਆਂ ਕੂੜੀਆਂ ਹਠੀਸਾਂ ਕਰਦੇ ਹਨ । ਕਈਆਂ ਦੀਆਂ ਤਾਂ ਹਠੀਸਾਂ ਐਥੋਂ ਤਾਈਂ ਅੱਪੜ ਗਈਆਂ ਹਨ ਕਿ ਉਹ ਸਤਿਗੁਰੂ ਕੀ ਰੀਸੇ ਕੂੜੀਆਂ ਕਚ-ਪਿਚੀਆਂ ਬਾਣੀਆਂ ਭੀ ਉਚਾਰਨ ਲਗ ਗਏ ਹਨ । ਜਿਸ ਕੱਚੀ ਬਾਣੀ ਤੋਂ ਤਸੂ ਮਾਤਰ ਤਸੱਲੀ ਭੀ ਕਿਸੇ ਸੁਣਨ ਪੜ੍ਹਨਹਾਰੇ ਜਗਿਆਸੂ ਦੀ ਨਹੀਂ

* ਪਾ: ੧੦ ਕਬਿਯੋ ਬਾਚ ਬੇਨਤੀ ਚੌਪਈ, ਪਦਾ ੯

ਹੋ ਸਕਦੀ। ਸੱਚੇ ਸਤਿਗੁਰੂ ਦੀ ਅੰਮ੍ਰਿਤ ਬਾਣੀ ਦੀ ਪਾਰਸ-ਰਸਾਇਣ-ਕਲਾ ਇਸ ਅਗਲੇ ਗੁਰਵਾਕ ਅੰਦਰ ਕਿਆ ਸੁੰਦਰ ਵਰਣਨ ਹੈ :—

> ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
> ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ ॥੧॥
> ਹਉ ਵਾਰੀ ਜੀਉ ਵਾਰੀ ਗੁਰ ਚਰਣੀ ਚਿਤੁ ਲਾਵਣਿਆ ॥
> ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ ॥੧॥ਰਹਾਉ॥ (੮॥੭॥੮॥)

ਮਾਝ ਮ: ੩, ਅਸਟ:, ਪੰਨਾ ੧੧੩

ਇਹ ਸਤਿਗੁਰੂ ਦੀ ਅਮਰ ਕਲਾ ਵਾਲੀ ਅੰਮ੍ਰਿਤ ਸਾਰਖੀ ਮੀਠੀ ਬਾਣੀ ਨੂੰ ਹੀ ਤੌਫ਼ੀਕਾਂ ਹਨ ਕਿ ਜਿਸ ਦੇ ਚੱਖਣ ਭੁੰਚਣ ਨਾਲ ਬਾਣੀ ਦੇ ਰਸੀਏ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਰਸ ਜੋਤਿ ਪਰਗਾਸ ਹੋਇਆ ਹੁੰਦਾ ਹੈ ਅਤੇ ਨਾਮ ਮਹਾਂ ਰਸ ਦੇ ਅਮਿਉ ਗਟਾਕ ਗਟਕੀਂਵਦੇ ਹਨ ਅਤੇ ਇਸ ਦੀ ਬਰਕਤ ਨਾਲ ਅਮਿਉ ਗਟਾਕ ਗਟਕੀਵੇ ਗੁਰਮੁਖ ਦਸਮ ਦੁਆਰ ਚਲੇ ਜਾਂਦੇ ਹਨ, ਜਿਸ ਦਰ ਸੱਚੇ ਵਿਖੇ ਕਿ ਦਿਨ ਰਾਤ ਅਨਹਦ ਸ਼ਬਦ ਵਜਣ ਲਗ ਪੈਂਦੇ ਹਨ, ਐਸੀ ਅੰਮ੍ਰਿਤ ਬਾਣੀ ਦਾ ਬੋਹਿਥ ਅੰਮ੍ਰਿਤ-ਸਰ ਸਾਂਚਾ, ਸਤਿਗੁਰੂ ਸਚਾ ਗੁਰਦੇਵ ਗੁਰੂ ਗ੍ਰੰਥ ਸਾਹਿਬ ਹੀ ਹੈ। ਜੋ ਜਨ ਭੀ ਇਸ ਅੰਮ੍ਰਿਤ ਸਰੋਵਰ ਅੰਦਰ ਡੁਬਕੀਆਂ ਲਾਉਂਦਾ ਹੈ, ਉਸ ਦੇ ਮਨ ਦੀ ਮੈਲ ਉਤਰ ਜਾਂਦੀ ਹੈ। ਐਸੀ ਅੰਮ੍ਰਿਤ ਬਾਣੀ ਦਾ ਸਰੋਵਰ ਬੋਹਿਥ ਸਰ-ਚਸ਼ਮਾ ਇਕ ਸਮੇਂ ਅੰਦਰ ਬਸ ਇਕੋ ਸਤਿਗੁਰੂ ਹੀ ਹੈ, ਜੋ ਅਭਿਆਸ ਕਮਾਈ ਕਰਨ ਜੋਗ ਇਕੋ ਸ਼ਬਦ ਦੀ ਸਿਮਰਨ-ਦਾਤਿ ਦਾ ਦਾਤਾਰ ਹੈ।

ਅੰਮ੍ਰਿਤ ਦੀ ਰਸਾਇਣ ਸ਼ਕਤੀ ਵਾਲੀ ਬਸ ਇਕੋ ਹੀ ਬਾਣੀ ਗੁਰਬਾਣੀ ਹੈ। ਇਸ ਗੁਰੂ ਰੂਪ ਬਾਣੀ ਨੂੰ ਇਸ ਗੁਰੂ ਰੂਪ ਅੰਮ੍ਰਿਤ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਸਤਿਗੁਰੂ ਪਦ ਪ੍ਰਾਪਤ ਹੈ।

ਗੁਰਵਾਕ :—

> ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥
> ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥
> ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ ॥
> ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ ॥
> ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ ॥
> ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰੁ ॥੨॥੧੦॥

ਮ: ੩, ਵਾਰ ਸੋਰਠ ਮ: ੪, ਪੰਨਾ ੬੪੬

ਇਹ ਗੁਰਵਾਕ ਨਿਸਚੇ ਦਿਵਾਉਂਦਾ ਹੈ ਕਿ ਸ਼ਬਦ ਸਿਮਰਨ ਦਾ ਸੱਚਾ ਸਉਦਾ ਇਕੋ ਸੱਚੀ ਗੁਰ-ਹੱਟ (ਟਕਸਾਲ) ਤੋਂ ਮਿਲ ਸਕਦਾ ਹੈ। ਇਸ ਹੱਟ ਦਾ ਮਾਲਕ, ਗੁਰੂ ਸੱਚਾ ਪਾਤਸ਼ਾਹ, ਅੰਮ੍ਰਿਤ ਰੂਪੀ ਗੁਣਾਂ ਦਾ ਭਰਿਆ ਹੋਇਆ ਭੰਡਾਰ ਹੈ। ਇਸ ਗੁਰਬਾਣੀ ਬੋਹਿਥ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਹਨਾਂ ਰਤਨ ਜਵਾਹਰ ਮਾਣਕਾਂ ਦੇ ਅਣਗਿਣਤ ਭੰਡਾਰੇ ਭਰੇ ਪਏ ਹਨ, ਪ੍ਰੰਤੂ ਗੁਰੂ ਦੀ ਕਿਰਪਾ ਦੁਆਰਾ ਹੀ ਪਾਈਦੇ ਹਨ। ਜਿਸਨੂੰ ਆਪ ਦੇਵਣਹਾਰ ਦਾਤਾਰ ਦੇਵੇ ਤਿਸ ਨੂੰ ਹੀ ਇਹ ਰੱਬੀ ਦਾਤਿ ਮਿਲਦੀ ਹੈ। ਇਹੋ ਸਿਮਰਨ-ਦਾਤਿ ਵਾਲਾ ਸਉਦਾ ਹੀ ਸੱਚਾ ਲਾਭਕਾਰੀ ਸਉਦਾ ਹੈ। ਖਟਣ ਯੋਗ ਅਪਾਰ ਸਉਦਾ ਇਹੀ ਹੈ, ਜਿਸ ਸਉਦੇ ਦੇ ਵਿਹਾਜਣ ਕਰਿ ਵਿਖ ਵਿਚੋਂ ਹੀ ਅੰਮ੍ਰਿਤ ਉੱਗਵ ਆਉਂਦਾ ਹੈ। ਤਾਂ ਤੇ ਸਿਮਰਨ ਦੀ ਦਾਤਿ ਨੂੰ ਸੰਭਾਲ ਕੇ ਵਰਤਣਾ ਚਾਹੀਦਾ ਹੈ। ਧੰਨ ਹੈ ਇਸ ਦਾਤਿ ਦੇ ਸੰਵਾਰਨ ਸੀਗਾਰਨਹਾਰਾ ਸਤਿਗੁਰੂ ਦਾਤਾ।

### ਕਾਚੇ ਗੁਰ ਤੇ ਮੁਕਤਿ ਨ ਹੂਆ—

'ਏਕ ਜੋਤਿ ਦੁਇ ਮੂਰਤੀ' ਵਾਲਾ ਸ਼ਬਦ-ਮਿਲਾਵਾ ਕਰਾਵਣਹਾਰ ਸਤਿਗੁਰੂ ਰੂਪ ਸੱਚੇ ਅੰਮ੍ਰਿਤ-ਕੁੰਡ ਨੂੰ ਛਡ ਕੇ ਜੋ ਬਿਖਲੀਪਤ ਬੁਧੀ ਵਾਲੇ ਅਲਪੱਗ ਗੁਰੂਆਂ ਦੇ ਪਿਛੇ ਮਾਇਆਵੀ ਮਨੋਰਥ-ਮਈ ਬਿਖ ਬਿਹਾਝਣ



www.AKJ.Org

ਖ਼ਾਤਰ ਲੋਭ ਲਲਚਾਏ ਭਜੇ ਫਿਰਦੇ ਹਨ ਅਤੇ ਗੁਰੂ ਘਰ ਤੋਂ ਬੇਮੁਖ ਹੋ ਕੇ, ਸੱਚੇ ਸਤਿਗੁਰੂ ਦੀ ਚਾਕਰੀ ਨੂੰ ਤਲਾਂਜਲੀ ਦੇ ਕੇ ਡਿੰਭੀ ਗੁਰੂਆਂ ਦੀ ਵਿਡਾਣੀ ਚਾਕਰੀ ਸਹੇੜਦੇ ਫਿਰਦੇ ਹਨ, ਉਹ ਗੁਰਮਤਿ ਮੱਤ ਅਚੱਲ ਉਤੇ ਸ਼ਰਧਾ ਭਰੋਸਾ ਰਖਣ ਵਾਲਾ ਆਪਣਾ ਧਰਮ ਭੀ ਗਵਾ ਬੈਠਦੇ ਹਨ ਅਤੇ ਧਰਮ ਗਵਾ ਕੇ ਸੱਚੀ ਸੂਝ ਬੂਝ ਤੋਂ ਭੀ ਵਾਂਜੇ ਜਾਂਦੇ ਹਨ। ਦਿਨ ਰਾਤ ਉਹਨਾਂ ਦੀ ਦੁਖਾਂ ਵਿਚ ਹੀ ਵਿਹਾਂਦੀ ਹੈ, ਉਹਨਾਂ ਨੂੰ ਅਲਪੱਗ ਗੁਰੂਆਂ ਦੀ ਸਹੇੜ ਨਾਲ ਸਿਮਰਨ ਦੀ ਸੱਚੀ ਦਾਤਿ ਹੀ ਪਲੇ ਨਹੀਂ ਪੈਂਦੀ। ਉਹ ਨਾ ਇਤ ਕੇ ਨਾ ਉਤ ਕੇ। ਗੁਰੂ ਸੱਚੇ ਸਤਿਗੁਰੂ ਤੋਂ ਬੇਮੁਖ ਹੋ ਕੇ ਉਹ ਦੀਨ ਦੁਨੀ ਦੋਨੋਂ ਹੀ ਗਵਾ ਬੈਠਦੇ ਹਨ ਅਤੇ ਲਾਜ-ਲੋਣ ਹੋ ਕੇ ਬਿਨ ਪਾਣੀ ਹੀ ਡੁਬ ਮਰਦੇ ਹਨ।

ਸੱਚੇ ਸਤਿਗੁਰੂ ਤੋਂ ਪ੍ਰਾਪਤ ਕੀਤਾ ਗੁਰ-ਸ਼ਬਦ ਗੁਰਮੰਤਰ ਨਾਮ ਹੀ ਜਗਿਆਸੂ ਸਿਖ ਦੇ ਘਟ ਅੰਤਰ ਵਸ ਕੇ ਧਸ ਸਕਦਾ ਹੈ, ਫਿਰ ਵਿਸਰਦਾ ਕਦੇ ਨਹੀਂ। ਇਸ ਬਿਧ ਸਤਿਗੁਰੂ ਦੀ ਸ਼ਰਨੀ ਆਇਆਂ ਨਾਮ ਦੀ ਪਾਰਸ-ਕਮਾਈ ਦੇ ਤੁਫ਼ੈਲ ਪਰੀਪੂਰਨ ਪ੍ਰਮਾਤਮਾ ਦੀ ਸਦਾ ਹਜ਼ੂਰੀ ਵਾਲੀ ਸ਼ਰਨ ਪ੍ਰਾਪਤ ਕਰ ਕੇ ਭੀ ਉਹ ਵਡਭਾਗਾ ਜਨ ਸਦਾ ਸਿਮਰਨ ਭਜਨ ਵਿਚ ਹੀ ਨਿਮੱਗਨ ਰਹਿੰਦਾ ਹੈ। ਬਸ ਸੱਚੇ ਸਤਿਗੁਰੂ ਦੀ ਕੀਤੀ ਸੇਵਾ-ਭਗਤੀ ਹੀ ਸਦਾ ਸੁਖਦਾਇਕ ਹੈ ਅਤੇ ਜੋਤੀ ਜੋਤਿ ਮਿਲਾਵਣਹਾਰੀ ਹੈ। ਯਥਾ ਗੁਰਵਾਕ :—

ਅੰਮ੍ਰਿਤੁ ਛੋਡਿ ਬਿਖਿਆ ਲੋਭਾਣੇ ਸੇਵਾ ਕਰਹਿ ਵਿਡਾਣੀ ॥
ਆਪਣਾ ਧਰਮੁ ਗਵਾਵਹਿ ਬੂਝਹਿ ਨਾਹੀ ਅਨਦਿਨੁ ਦੁਖਿ ਵਿਹਾਣੀ ॥
ਮਨਮੁਖ ਅੰਧ ਨ ਚੇਤਹੀ ਡੂਬਿ ਮੁਏ ਬਿਨੁ ਪਾਣੀ ॥੧॥
ਮਨ ਰੇ ਸਦਾ ਭਜਹੁ ਹਰਿ ਸਰਣਾਈ ॥
ਗੁਰ ਕਾ ਸਬਦੁ ਅੰਤਰਿ ਵਸੈ ਤਾ ਹਰਿ ਵਿਸਰਿ ਨ ਜਾਈ ॥੧॥ਰਹਾਉ॥...
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਈ ॥...੨॥੪੫॥

ਸਿਰੀਰਾਗੁ ਮ: ੩, ਪੰਨਾ ੩੧

["ਨਾਮ ਤੇ ਨਾਮ ਦਾ ਦਾਤਾ ਸਤਿਗੁਰੂ" ਪੁਸਤਕ ਵਿਚੋਂ

---

# ਪੋਥੀ ਕੀਰਤਨ

. ਪਿਛਲੇ ਕੁਝ ਸਮੇਂ ਤੋਂ ਕੁਝ ਵੀਰਾਂ ਵਲੋਂ ਪੋਥੀ/ਗੁਟਕੇ ਤੋਂ ਕੀਰਤਨ ਕਰਨ ਬਾਰੇ ਵਾਦ-ਵਿਵਾਦ ਖੜਾ ਕੀਤਾ ਹੋਇਆ ਹੈ।

੨— ਨਿਰਸੰਦੇਹ ਕੰਠ ਬਾਣੀ ਦਾ ਕੀਰਤਨ ਆਦਰਸ਼ਕ ਹੈ। ਪਰ ਜੇ ਕੋਈ ਵੀਰ ਪੋਥੀ ਤੋਂ ਵੀ ਕੀਰਤਨ ਕਰਦਾ ਹੈ ਤਾਂ ਇਹ ਕੋਈ ਪਾਪ ਨਹੀਂ। ਪੋਥੀ/ਕਾਪੀ ਤੋਂ ਕੀਰਤਨ ਭਾਈ ਸਾਹਿਬ ਰਣਧੀਰ ਸਿੰਘ ਜੀ ਵੇਲੇ ਵੀ ਹੁੰਦਾ ਰਿਹਾ ਹੈ, ਪਰ ਓਦੋਂ ਇਸ ਬਾਰੇ ਕੋਈ ਵਿਵਾਦ ਨਹੀਂ ਸੀ।

੩— ਅਸਲ ਵਿਚ ਵਿਸ਼ੇਸ਼ ਧਿਆਨ ਰਖਣ ਵਾਲੀ ਮੂਲ ਗੱਲ ਇਹ ਹੈ ਕਿ ਕੀਰਤਨ ਗੁਰੂ-ਚਰਨਾਂ ਵਿਚ ਜੁੜ ਕੇ ਪ੍ਰੇਮ ਨਾਲ ਨਿਸ਼ਕਾਮ ਹੋ ਕੇ ਕੀਤਾ ਜਾਵੇ ਅਤੇ ਪੋਥੀ ਦਾ ਸਤਿਕਾਰ ਪੂਰਨ ਤੌਰ ਤੇ ਕੀਤਾ ਜਾਵੇ।

ਜਥੇਦਾਰ, ਅਖੰਡ ਕੀਰਤਨੀ ਜਥਾ

---

**ਸ੍ਰੀ ਭਗਉਤੀ ਪ੍ਰਬੋਧ**–'ਭਗਉਤੀ' ਸ਼ਬਦ ਬਾਰੇ ਪਾਏ ਭੁਲੇਖਿਆਂ ਨੂੰ ਸਪੱਸ਼ਟ ਕਰਨ ਲਈ ਗੁਰਮਤੀ ਵਿਦਵਾਨਾਂ ਦੇ ੯ ਲੇਖ ਇਸ ਟਰੈਕਟ ਵਿਚ ਹਨ, ਜਿਨ੍ਹਾਂ ਤੋਂ ਸਿਧ ਹੁੰਦਾ ਹੈ ਕਿ ਖਾਲਸਾ ਕਿਸੇ ਦੇਵੀ ਦੇਵਤੇ ਦਾ ਉਪਾਸ਼ਕ ਨਹੀਂ, ਸਗੋਂ ਕੇਵਲ ਇਕ ਅਕਾਲ ਪੁਰਖ ਦਾ ਪੁਜਾਰੀ ਹੈ। ਸਫ਼ੇ ੮੯, ਭੇਟਾ ਦੋ ਰੁਪਏ



www.AKJ.Org

# ਬਾਣੀ ਗੁਰੂ ਗੁਰੂ ਹੈ ਬਾਣੀ

[ਸ: ਹਰਦਿਆਲ ਸਿੰਘ ਜੀ ਆਈ.ਏ.ਐਸ.]

੧. ਸਿੱਖਾਂ ਨੂੰ ਹੁਕਮ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਰਗਟ ਗੁਰਾਂ ਦੀ ਦੇਹ ਮੰਨਣਾ ਹੈ ਅਤੇ ਗੁਰਬਾਣੀ ਨੂੰ ਗੁਰੂ ਮੰਨਣਾ ਹੈ। ਵੈਸੇ ਤਾਂ ਅਸਲੀ ਸਿੱਖ, ਸਾਧਕ ਜਾਂ ਅਭਿਲਾਖੀ ਹੀ ਹੁੰਦਾ ਹੈ, ਪਰੰਤੂ ਵਿਚਾਰਨ ਤੋਂ ਬਾਅਦ ਇਹ ਸਿੱਟਾ ਨਿਕਲੇਗਾ ਕਿ ਕੇਵਲ ਉਹੋ ਹੀ ਸਿੱਖ ਸਾਧਕ ਬਣਦਾ ਹੈ ਜਿਸ ਤੇ ਗੁਰੂ-ਕਿਰਪਾ ਹੁੰਦੀ ਹੈ। ਗੁਰਬਾਣੀ ਦੀ ਦੇਣ ਨੂੰ ਸਾਧਕ ਦੇ ਪਖੋਂ ਵਿਚਾਰਨ ਦੀ ਲੋੜ ਹੈ।

੨. ਗੁਰਬਾਣੀ, ਧੁਰ ਕੀ ਬਾਣੀ, ਮਹਾਂਪੁਰਖ ਦੀ ਬਾਣੀ, ਪ੍ਰਭੂ ਦੀ ਬਾਣੀ, ਅਮੁਲੀਕ ਲਾਲ ਰਤਨ, ਅਡੋਲ ਅਤੇ ਅਟਲ ਬਚਨ ਨਿਜ ਘਰ ਵਾਸਾ ਕਰਵਾਉਣ ਵਿਚ ਸਰਬ ਸਮਰੱਥ ਹੈ। ਗੁਰਬਾਣੀ ਸਗਲ ਇਛਾ ਪੂਰਕ ਹੈ, ਰੋਗ ਅਤੇ ਦੁਖ-ਨਾਸ਼ਕ, ਕਲੇਸ਼ ਅਤੇ ਕਸ਼ਟ-ਨਿਵਾਰਕ, ਭੈ ਅਤੇ ਭਰਮ-ਭੰਜਕ, ਸੁੱਖ ਅਤੇ ਕਿਰਪਾ ਸਾਗਰ, ਹਰ ਥਾਂ ਅਤੇ ਹਰ ਵੇਲੇ ਸਹਾਇਕ, ਹਲਤ ਅਤੇ ਪਲਤ ਦੀ ਰਖਿਅਕ ਹੈ। ਗੁਰਬਾਣੀ ਮਾਤਾ, ਪਿਤਾ, ਭਾਈ ਅਤੇ ਮਿਤਰ ਹੈ। ਵਿਅਕਤੀ ਅਤੇ ਸਮਾਜ ਲਈ ਮਾਰਗ-ਦਰਸ਼ਕ, ਸਿਆਣਪ ਭਰਪੂਰ ਅਤੇ ਦਾਨੀ ਹੈ। ਗੁਰਬਾਣੀ ਕੁਦਰਤ ਅਤੇ ਹੁਕਮ ਦਰਸਾਉਂਦੀ ਹੈ। ਗੁਰਬਾਣੀ ਸਤਿਗੁਰੂ ਹੈ, ਇਹ ਤਾਂ ਨਿਰੰਕਾਰ ਹੈ। ਇਹ ਅਕੱਥ, ਅਗੰਮ ਅਤੇ ਅਗਾਧਿ ਹੈ। ਇਹ ਪਰਤੱਖ ਵਾਹਿਗੁਰੂ ਹੈ। ਕੇਵਲ ਸਤਿਗੁਰੂ ਦੀ ਬਾਣੀ ਸੱਚੀ ਹੈ।

ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
ਕਹਦੇ ਕਚੇ ਸੁਣਦੇ ਕਚੇ ਕਚੀਂ ਆਖਿ ਵਖਾਣੀ ॥੨੪॥ (ਅਨੰਦ ਸਾਹਿਬ)
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥੯॥
(ਵਾਰ ਗਉੜੀ ਮਹਲਾ ੪, ਪੰਨਾ ੩੦੪)

ਸਪਸ਼ਟ ਹੈ ਕਿ ਕੇਵਲ ਸਤਿਗੁਰੂ ਦੀ ਬਾਣੀ ਹੀ ਗੁਣ-ਸਾਗਰ ਹੈ।

੩. ਅਗੰਮ ਅਤੇ ਅਗਾਧਿ ਬਾਣੀ ਦੇ ਗੁਣ ਅਤੇ ਦੇਣ, ਕੌਣ ਬਿਆਨ ਕਰ ਸਕਦਾ ਹੈ, ਕੌਣ ਜਾਣ ਸਕਦਾ ਹੈ! ਕੋਈ ਨਹੀਂ ਕਰ ਸਕਦਾ, ਕਿਉਂਕਿ ਇਹ ਸਤਿਗੁਰੂ ਅਤੇ ਵਾਹਿਗੁਰੂ ਵਾਂਗ ਅਕੱਥ ਹੈ। ਜੇ ਕੋਈ ਗੁਰਬਾਣੀ ਦੀ ਇਕ ਸਿਖਿਆ ਸੁਣ ਕੇ ਮੰਨ ਲਵੇ, ਹਿਰਦੇ ਅਤੇ ਚਿਤ ਵਿਚ ਧਾਰ ਲਵੇ, ਉਹ ਤਾਂ ਰਾਜਾ ਜਨਕ ਵਾਂਗ ਸਾਰੇ ਨਰਕ ਖ਼ਾਲੀ ਕਰਵਾ ਸਕਦਾ ਹੈ। ਉਹਦੇ ਮਨ ਵਿਚ ਰਤਨ, ਜਵਾਹਰ ਅਤੇ ਮਾਣਕ ਪਰਗਟ ਹੋ ਜਾਂਦੇ ਹਨ। ਐਸੀ ਬਾਣੀ ਹੈ, ਜੇ ਕੋਈ ਮੰਨ ਕੇ ਵੇਖੇ, ਦੁਬਿਧਾ ਅਤੇ ਭਰਮ ਦੂਰ ਕਰ ਕੇ ਹਿਰਦੇ ਵਿਚ ਧਾਰੇ ਤਾਂ ਗੁਰਬਾਣੀ ਦੀ ਦੇਣ ਦੀ ਕੁਝ ਸਮਝ ਲੱਗ ਸਕਦੀ ਹੈ।

ਇਹ ਕੋਈ ਸਾਹਿਤ ਨਹੀਂ ਹੈ, ਇਹ ਕੋਈ ਕਿਤਾਬੀ ਗਿਆਨ ਨਹੀਂ ਹੈ, ਇਹ ਤਾਂ ਬ੍ਰਹਮ ਵਿਚਾਰ ਹੈ। ਇਸ ਦੀ ਸਾਹਿਤਕ ਕਦਰਾਂ ਕੀਮਤਾਂ ਤੇ ਪਰਖ ਕਰਨਾ ਕੋਈ ਸਿਆਣਪ ਨਹੀਂ ਹੈ। ਇਹ ਅਮੁਲ, ਕਲਜੁਗ ਦਾ ਜਹਾਜ਼ ਹੈ, ਸਾਧ ਦੀ ਸੰਗਤ ਹੈ। ਇਹ ਲਿਖਤ ਇਕ ਸਿੱਖ ਦਾ ਅੰਧ-ਵਿਸ਼ਵਾਸ ਨਹੀਂ ਹੈ, ਨਿਰੀ ਸ਼ਰਧਾ ਨਹੀਂ ਹੈ। ਇਹ ਸਚ ਹੈ, ਨਿਰੋਲ ਸਚ ਹੈ, ਅਸਲੀਅਤ ਹੈ। ਹਾਂ ਅਸਲੀਅਤ ਦੱਸਣ ਵਿਚ ਸਿੱਖ ਗ਼ਲਤੀ ਕਰ ਸਕਦਾ ਹੈ।

੪. ਗੁਰਬਾਣੀ ਦੀ ਵਡਿਆਈ, ਕੀਮਤ ਜਾਂ ਦੇਣ, ਗੁਰਬਾਣੀ ਦੀ ਕਮਾਈ ਤੋਂ ਬਾਅਦ ਹੀ ਉਘੜਦੀ ਹੈ, ਪਰੰਤੂ ਹਰ ਇਕ ਵਿਅਕਤੀ, ਸਾਧਕ ਜਾਂ ਅਸਾਧਕ, ਸ਼ੁਰੂ ਤੋਂ ਅੰਤ ਜਾਂ ਤੋੜ ਤੱਕ, ਬਾਣੀ ਤੋਂ ਗਹੁ ਨਾਲ ਪੜ੍ਹਨ ਅਤੇ ਵਿਚਾਰਨ ਨਾਲ ਲੋੜੀਂਦੀ ਅਗਵਾਈ ਪ੍ਰਾਪਤ ਕਰ ਸਕਦਾ ਹੈ। ਸਾਧਕ ਜਿਵੇਂ ਜਿਵੇਂ ਉਨਤੀ ਕਰਦਾ ਹੈ ਤਿਵੇਂ ਤਿਵੇਂ ਬਾਣੀ ਦੇ ਛੁਪੇ ਹੋਏ ਭਾਵ ਅਤੇ ਪੱਖ ਸਾਹਮਣੇ ਆਉਂਦੇ ਰਹਿੰਦੇ ਹਨ। ਸੁਆਮੀ ਜਾਂ



www.AKJ.Org

ਸਾਹਿਬ ਵਾਂਗ ਗੁਰਬਾਣੀ ਨਿੱਤ ਨਵੀਂ ਹੈ। ਦਿਬ-ਦ੍ਰਿਸ਼ਟੀ ਪ੍ਰਾਪਤ ਹੋਣ ਤੇ ਸਾਧਕ ਅਸਲੀ ਸਾਧਕ ਬਣਦਾ ਹੈ। ਏਡੇ ਵੱਡੇ ਭਾਗ ਕਿਸੇ ਵਿਰਲੇ ਦੇ ਹੁੰਦੇ ਹਨ ਅਤੇ ਵਿਰਲਾ ਹੀ ਗੁਰਬਾਣੀ ਦੀ ਵਡਿਆਈ ਤੇ ਸਤਿਗੁਰੂ ਦੀ ਮਹਿਮਾ ਆਪਣੀ ਬੁੱਧੀ ਅਤੇ ਅਵਸਥਾ ਮੁਤਾਬਿਕ ਪਛਾਣ ਅਤੇ ਕੁਝ ਹੱਦ ਤੱਕ ਵਰਨਣ ਕਰ ਸਕਦਾ ਹੈ। ਕੁਝ ਹੱਦ ਤੱਕ, ਕਿਉਂਕਿ ਨਿਰਾਲੀ ਖੇਡ ਗੂੰਗੇ ਦੇ ਮਿਠਿਆਈ ਖਾਣ ਵਾਂਗ ਹੈ। ਨਿਰੰਕਾਰ ਵਾਂਗ ਹੀ ਗੁਰਬਾਣੀ ਦੀ ਮਹਿਮਾ ਕਥੀ ਨਹੀਂ ਜਾ ਸਕਦੀ।

੫. ਸਾਧਕ ਦੇ ਪੱਖੋਂ ਗੁਰਬਾਣੀ ਦੀ ਦੇਣ ਬਾਰੇ ਕੁਝ ਨੁਕਤੇ ਹੇਠ ਦਿਤੇ ਜਾਂਦੇ ਹਨ :–

(ੳ) ਗੁਰਬਾਣੀ ਵਾਹਿਗੁਰੂ ਦੇ ਸਰੂਪ, ਲੱਛਣ ਅਤੇ ਸੁਭਾ ਬਾਰੇ ਦਸਦੀ ਹੈ। ਰਚਨਾ ਅਤੇ ਕੁਦਰਤ ਤੇ ਚਾਨਣਾ ਪਾਉਂਦੀ ਹੈ। ਵਾਹਿਗੁਰੂ ਨੂੰ ਜਾਨਣ ਦੀ ਇੱਛਾ ਪੈਦਾ ਕਰਕੇ ਅਭਿਲਾਖੀ ਜਾਂ ਸਾਧਕ ਬਣਾਉਂਦੀ ਹੈ।

(ਅ) ਸਾਧਕ ਵਾਸਤੇ ਸਤਿਗੁਰੂ ਦੀ ਲੋੜ ਪ੍ਰਗਟਾਉਂਦੀ ਹੈ, ਸੰਬੰਧ ਜੋੜਦੀ ਅਤੇ ਗੂੜ੍ਹਾ ਕਰਦੀ ਹੈ। ਪੂਰਬਲੇ ਕਰਮਾਂ ਅਨੁਸਾਰ ਕਿਰਪਾ-ਪਾਤਰ ਬਣਾ ਕੇ, ਕਿਰਪਾ ਦਿਵਾਉਂਦੀ ਹੈ।

(ੲ) ਗੁਰਬਾਣੀ ਭਗਤੀ ਬਾਰੇ ਵਿਚਾਰ, ਢੰਗ ਤੇ ਵਿਧੀ ਦਸਦੀ ਹੈ, ਸੰਜਮ ਦਸਦੀ ਹੈ।

(ਸ) ਭਗਤੀ ਦਾ ਮਾਰਗ ਬਿਖੜ ਹੈ, ਔਖਾ ਹੈ, ਖੰਨਿਅਹੁ ਤਿਖਾ ਤੇ ਵਾਲਹੁ ਨਿਕਾ ਹੈ। ਬਹੁਤ ਲੰਮਾ ਹੈ, ਬਹੁਤ ਬਹੁਤ ਲੰਮਾ ਹੈ। ਕਠਨ ਤਪੱਸਿਆ ਅਤੇ ਕਠਨ ਸੰਜਮ ਮੰਗਦਾ ਹੈ। ਸਾਧਕ ਡੋਲਦਾ ਹੈ, ਖਿਣ-ਖਿਣ ਭੁਲਦਾ ਹੈ, ਪਰੰਤੂ ਗੁਰਬਾਣੀ ਹੌਸਲਾ ਦਿੰਦੀ ਹੈ, ਮੁੜ ਰਸਤੇ ਤੇ ਪਾਉਂਦੀ ਹੈ ਤੇ ਬਾਂਹ ਫੜਦੀ ਹੈ।

(ਹ) ਗੁਰਬਾਣੀ ਪਰਮੇਸ਼ਰ ਦੀ ਸਿਫਤ ਸਲਾਹ ਹੈ, ਸਤ ਅਤੇ ਸੰਤੋਖ ਦਾ ਵਿਚਾਰ ਹੈ। ਵਡਿਆਈ ਜਾਂ ਸਿਫਤ ਸਲਾਹ ਨਾਲ ਵੱਡਾ ਪਾਇਆ ਜਾ ਸਕਦਾ ਹੈ :

ਸਦਾ ਸਿਫਤਿ ਸਲਾਹ ਤੇਰੀ, ਨਾਮੁ ਮਨਿ ਵਸਾਵਏ ॥੩॥ (ਅਨੰਦ ਸਾਹਿਬ)

ਅਸੀਂ ਅੰਨ੍ਹੇ ਹਾਂ ਅਤੇ ਆਪਣੇ ਆਪ ਕੋਈ ਸਿਫਤ ਨਹੀਂ ਕਰ ਸਕਦੇ, ਕਿਉਂਕਿ ਵੇਖਣ ਅਤੇ ਜਾਨਣ ਤੋਂ ਬਿਨਾ ਸਿਫਤ ਨਹੀਂ ਕੀਤੀ ਜਾ ਸਕਦੀ।

(ਕ) ਗੁਰਬਾਣੀ ਨਾਮ-ਰਸ ਦਾ ਸੋਮਾ ਹੈ, ਅੰਮ੍ਰਿਤ ਰਸ ਹੈ। ਇਸੇ ਅੰਮ੍ਰਿਤ ਨੇ ਇੱਛਾ ਪੂਰੀਆਂ ਕਰਨੀਆਂ ਹਨ ਅਤੇ ਅੰਤ ਵਿਚ ਮਹਾਂ ਸੰਤੋਖ ਪ੍ਰਦਾਨ ਕਰਨਾ ਹੈ। ਦੁਖ ਅਤੇ ਪਾਪ ਕੱਟਣੇ ਹਨ। ਬਾਕੀ ਰਸ ਖ਼ਤਮ ਕਰਨੇ ਹਨ।

(ਖ) ਗੁਰਬਾਣੀ ਤੋਂ ਸਭ ਫਲ ਮਿਲਦੇ ਹਨ, ਇਛਾ ਪੂਰੀਆਂ ਹੁੰਦੀਆਂ ਹਨ। ਦੁੱਖ, ਦਲਿਦਰ, ਕਸ਼ਟ, ਰੋਗ ਕੱਟੇ ਜਾਂਦੇ ਹਨ। ਤਾਣ, ਮਾਣ, ਲਛਮੀ ਅਤੇ ਪੁੱਤਰ ਮਿਲਦੇ ਹਨ। ਲਾਜ ਅਤੇ ਪੱਤ ਰਖੀ ਜਾਂਦੀ ਹੈ। ਹਰ ਥਾਂ ਅਤੇ ਹਰ ਵੇਲੇ ਸਹਾਈ ਹੁੰਦੀ ਹੈ।

(ਗ) ਅਧਿਆਤਮਿਕ ਤਰੱਕੀ ਤਾਂ ਅਡੋਲਤਾ ਅਤੇ ਵਿਸ਼ਵਾਸ ਦੀ ਖੇਡ ਹੈ। ਵਾਹਿਗੁਰੂ ,ਨਾ ਹੀ ਮਸਜਿਦ ਵਿਚ ਹੈ, ਇਹ ਤਾਂ ਵਿਸ਼ਵਾਸ ਵਿਚ ਹੈ :

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥੨॥੧੭॥ (ਸੁਖਮਨੀ ਸਾਹਿਬ)

ਸਤਸੰਗਤਿ ਵਿਚ ਪ੍ਰਭੂ ਪ੍ਰਤੀ ਵਿਸ਼ਵਾਸ ਜਲਦੀ ਮਿਲਦਾ ਹੈ ਅਤੇ ਜਿਹੜੀ ਜਗ੍ਹਾ ਤੇ ਸਤਸੰਗਤਿ ਪ੍ਰਾਪਤ ਹੋਵੇ, ਪਵਿੱਤਰ ਹੈ। ਸਭ ਧਰਮ-ਅਸਥਾਨ ਪਵਿੱਤਰ ਹਨ, ਪਰੰਤੂ ਵਿਸ਼ਵਾਸ ਤੱਤ ਹੈ, ਅਸਲ ਹੈ। ਗੁਰਬਾਣੀ ਅਡੋਲਤਾ ਅਤੇ ਵਿਸ਼ਵਾਸ-ਦਾਤੀ ਹੈ। ਇਹ ਅਮੁਲ ਗੁਣਾਂ ਦਾ ਭੰਡਾਰ ਹੈ।

(ਘ) ਗੁਰਬਾਣੀ ਗਿਆਨ ਦਾ ਭੰਡਾਰ ਹੈ। ਮਨ ਗਿਆਨ ਨਾਲ ਹੀ ਥੰਮ੍ਹਿਆ ਜਾਂਦਾ ਹੈ। ਮਨ ਥੰਮ੍ਹਿਆ ਗਿਆ ਤਾਂ ਕੰਮ ਬਣ ਗਿਆ, ਸਭ ਕੁਝ ਮਿਲ ਗਿਆ। ਗਿਆਨ-ਸਮੁੰਦਰ-ਬਾਣੀ ਮਨ ਨੂੰ ਥੰਮ੍ਹਦੀ ਹੈ।

(ਚ) ਗੁਰਬਾਣੀ ਸੁਰਤ ਸ਼ਬਦ ਦਾ ਮੇਲ ਹੈ। ਗੁਰਬਾਣੀ ਨਾਲ ਮਨ, ਬੁਧ ਅਤੇ ਸੁਰਤ ਦੀ ਘਾੜਤ ਘੜੀ


www.AKJ.Org

ਜਾਂਦੀ ਹੈ ਅਤੇ ਪੂਰੀ ਸਿਧੀ ਦੀ ਪ੍ਰਾਪਤੀ ਹੁੰਦੀ ਹੈ। ਆਖ਼ਰ ਵਿਚ ਜੋਧ ਮਹਾਬਲੀ ਸੂਰ ਬਣਾ ਕੇ ਕਰਮ ਖੰਡ ਦੇ ਵਾਸੀ ਦੀ ਬਖਸ਼ਸ਼ ਦਿਵਾਉਂਦੀ ਹੈ।

(ਛ) ਗੁਰਬਾਣੀ ਦਾ ਬੋਲਣਾ, ਉਚਾਰਨਾ, ਲਿਖਣਾ, ਸੁਨਣਾ, ਗਾਉਣਾ, ਵਿਚਾਰਨਾ ਅਤੇ ਕਮਾਉਣਾ ਸਭ ਫਲ ਪ੍ਰਦਾਨ ਕਰਦਾ ਹੈ।

ਸੁਨਣਾ : ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥੪੦॥ (ਅਨੰਦ ਸਾਹਿਬ, ਪੰਨਾ ੯੨੨)

ਜਪਣਾ : ਅੰਮ੍ਰਿਤ ਬਚਨ ਸਾਧ ਕੀ ਬਾਣੀ ॥

ਜੋ ਜੋ ਜਪੈ ਤਿਸ ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥੧॥ਰਹਾਉ॥੩੮॥

ਗਾਉਣਾ ਅਤੇ ਕਮਾਉਣਾ : (ਸੂਹੀ ਮਹਲਾ ੫, ਪੰਨਾ ੭੪੪)

ਭਗਤਿ ਭੰਡਾਰ ਗੁਰਬਾਣੀ ਲਾਲ ॥ ਗਾਵਤ ਸੁਨਤ ਕਮਾਵਤ ਨਿਹਾਲ ॥੨॥੨੩॥ (ਪੰਨਾ ੩੭੬)

ਵੀਚਾਰਨਾ : ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥

ਇਹ ਬਾਣੀ ਮਹਾਂਪੁਰਖ ਕੀ ਨਿਜ ਘਰਿ ਵਾਸਾ ਹੋਇ ॥੪੦॥ (ਪੰਨਾ ੯੩੫)

(ਜ) ਸਾਧਕ ਵਾਸਤੇ ਗੁਰਬਾਣੀ ਸੰਤ ਹੈ, ਸਾਧ ਹੈ, ਸਤਿ ਸੰਗਤਿ ਹੈ। ਇਹ ਸਤਿਗੁਰੂ ਹੈ।

(ਝ) ਸਾਧਕ ਵਾਸਤੇ ਗੁਰਬਾਣੀ ਸ਼ਦਾਚਾਰ ਸ਼ਾਸਤਰ ਹੈ, ਨੀਤੀ ਸ਼ਾਸਤਰ ਹੈ। ਵਿਅਕਤੀਗਤ ਅਤੇ ਸਮਾਜਕ ਵਿਵਹਾਰ ਵਾਸਤੇ ਪੂਰਨ ਉਪਦੇਸ਼ ਹੈ।

(ਞ) ਗੁਰਬਾਣੀ ਜ਼ਿੰਦਗੀ ਦੇ ਮੁਢਲੇ ਸਵਾਲਾਂ ਦਾ ਉਤਰ ਹੈ। ਸਾਧਕ ਦੀ ਜਿਗਿਆਸਾ ਜਾਂ ਉਤਸੁਕਤਾ ਨੂੰ ਤਸੱਲੀ ਦਿੰਦੀ ਹੈ। ਮੈਂ ਕਿਉਂ ਆਇਆ ਹਾਂ ? ਕਿਥੇ ਜਾਣਾ ਹੈ ? ਰਚਨਾ ਕਿਉਂ ਹੋਈ ਤੇ ਕਿੱਦਾਂ ਹੋਈ ? ਇਤਿਆਦਿ–ਇਹ ਜ਼ਿੰਦਗੀ ਦੇ ਮੁਢਲੇ ਸਵਾਲ ਹਨ।

(ਟ) ਗੁਰਬਾਣੀ ਸਾਧਕ ਨੂੰ ਉਚਿਤ ਮੰਗਾਂ ਦਾ ਉਪਦੇਸ਼ ਦਿੰਦੀ ਹੈ। ਨਹੀਂ ਤਾਂ, ਸਾਧਕ, ਦੁਨੀਆਵੀ ਝੰਬੇਲਿਆਂ, ਝਗੜਿਆਂ ਅਤੇ ਮੰਗਾਂ ਵਿਚ ਗ਼ਲਤ੍ਹਾਨ ਰਹੇਗਾ ਅਤੇ ਆਪਣੀ ਭਗਤੀ ਜ਼ਾਇਆ ਕਰੇਗਾ ਜਾਂ ਭਗਤੀ ਕਰੇਗਾ ਨਹੀਂ। (ਠ) ਗੁਰਬਾਣੀ ਸ਼ਰਨ ਵਿਚ ਆਉਣ ਦਾ ਢੰਗ ਦਸਦੀ ਹੈ ਅਤੇ ਸ਼ਰਨ ਦੀ ਅਵਸਥਾ ਵਿਚ ਲਿਆਉਂਦੀ ਹੈ। (ਡ) ਸਾਧਕ ਦੇ ਮਨੋਭਾਵਾਂ, ਤਰੰਗਾਂ, ਤਕਲੀਫ਼ਾਂ ਅਤੇ ਨਜ਼ਾਰਿਆਂ ਨੂੰ ਪ੍ਰਗਟਾਉਂਦੀ ਹੈ ਅਤੇ ਮਾਰਗ ਤੇ ਰਖਦੀ ਹੈ। (ਢ) ਗੁਰਬਾਣੀ ਅਧਿਆਤਮਿਕ ਅਵਸਥਾਵਾਂ ਅਤੇ ਨਜ਼ਾਰਿਆਂ ਦਾ ਗਿਆਨ ਦਿੰਦੀ ਹੈ। ਉਦਾਹਰਣ ਦੇ ਤੌਰ ਤੇ, ਚਾਰ ਲਾਵਾਂ ਚਾਰ ਪੜਾਅ ਹਨ। ਜਪੁਜੀ ਸਾਹਿਬ ਵਿਚ ਖੰਡਾਂ* ਦਾ ਜ਼ਿਕਰ ਉਚੀਆਂ ਸਟੇਜਾਂ ਤੇ ਮਾਰਗ ਦਰਸਾਉਂਦੀ ਹੈ।

(ਣ) ਸਾਧਕ ਵਾਸਤੇ ਗੁਰਬਾਣੀ ਇਕ ਮਾਪ-ਤੋਲ ਹੈ, ਜਿਸ ਨਾਲ ਉਹ ਆਪਣੀ ਉਨਤੀ ਪਰਖ ਸਕਦਾ ਹੈ, ਤੋਲ ਸਕਦਾ ਹੈ, ਆਪਣੀਆਂ ਕਮੀਆਂ ਦੀ ਪਛਾਣ ਕਰ ਸਕਦਾ ਹੈ। ਕਮੀਆਂ ਦਾ ਜਾਨਣਾ ਹੋਰ ਹਿੰਮਤ ਅਤੇ ਮਿਹਨਤ ਲਈ ਤਿਆਰ ਕਰਦਾ ਹੈ। (ਤ) ਸਾਧਕ ਵਾਸਤੇ ਗੁਰਬਾਣੀ ਸਰਬ-ਪੱਖੀ, ਸਰਬਮੁੱਖੀ ਰਹਿਬਰ ਹੈ, ਗੂੜ੍ਹਾ ਅਤੇ ਅਤੀ ਸਿਆਣਾ ਮਿੱਤਰ ਹੈ, ਗੰਭੀਰ ਅਤੇ ਦਾਨਾ ਦਰਸ਼ਨ-ਵੇਤਾ ਹੈ।

੬. ਉਪਰੋਕਤ ਲਿਖਤ ਵਿਚ ਗੁਣਾਂ ਨੂੰ ਦਸਣ ਦੇ ਯਤਨ ਵਿਚ ਸਿਰ ਤੇ ਭਾਰ ਹੀ ਹੋਇਆ ਹੈ, ਕਿਉਂਕਿ ਤੁਛ ਬੁਧੀ ਦੀ ਕੈਦੀ ਇਕ ਕਲਮ ਕੀ ਗੁਣ ਲਿਖ ਸਕਦੀ ਹੈ ? ਮੁਕਦੀ ਗੱਲ ਹੈ :

ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥੧॥੧੮॥ (ਪੰਨਾ ੫੧੫)

---

* ਭਾਈ ਸਾਹਿਬ ਰਣਧੀਰ ਸਿੰਘ ਜੀ ਇਨ੍ਹਾਂ ਪੰਜਾਂ ਖੰਡਾਂ ਬਾਰੇ 'ਸਚਖੰਡ ਦਰਸ਼ਨ' ਪੁਸਤਕ, ਪੰਨਾ ੧੯ ਤੇ ਲਿਖਦੇ ਹਨ—
"ਇਹ ਖੰਡ ਕੋਈ ਅਨਭਵੀ ਰਚਨਾ ਨਹੀਂ, ਬਲਕਿ ਗੁਰੂ ਸਾਹਿਬਾਨ ਦੀ ਸਚੀ ਸਾਕਸ਼ਾਤਕਾਰਤਾ ਭਰੀ ਸਾਖਾ (ਸ਼ਹਾਦਤ) ਅਨੁਸਾਰ ਗੁਰੂ ਸਰੂਪ ਸੰਤਾਂ-ਸਤ ਪੁਰਖਾਂ ਦੇ ਆਪਣੇ ਅਖੀਂ ਦੇਖੇ ਤੱਤ ਸੱਤਤਾ ਦੀ ਹੋਂਦ ਵਾਲੇ ਖੰਡ ਮੰਡਲ ਹਨ ਅਤੇ ਇਨ੍ਹਾਂ ਦ੍ਰਿਸ਼ਟਮਾਨ ਖੰਡਾਂ ਬ੍ਰਹਿਮੰਡਾਂ ਦੀ ਸੱਤਤਾ ਨਾਲੋਂ ਪੰਜਾਂ ਖੰਡਾਂ ਦੀ ਸੱਤਤਾ ਅਬਿਚਲ ਪਾਇਦਾਰੀ ਵਾਲੀ ਹੈ।... ਇਹ ਖੰਡ ਦਿਬ ਮੰਡਲ ਹੀ ਹਨ।"

www.AKJ.Org

# ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ

[ਪ੍ਰਿੰਸੀਪਲ ਸੱਜਣ ਸਿੰਘ ਜੀ, 918-ਗੋਬਿੰਦ ਪੁਰੀ, ਕਾਲਕਾ ਜੀ, ਨਵੀਂ ਦਿੱਲੀ-19]

ਛੋਟਾ ਬਾਲਕ ਸੁਭਾਵਕ ਹੀ ਸੱਚਾ, ਸੁੱਚਾ ਤੇ ਨਿਹਕਪਟੀ ਹੁੰਦਾ ਹੈ। ਕਿਉਂਕਿ ਉਸ ਦੀ ਮਾਨਸਕ ਸ਼ਕਤੀ ਦਾ ਅਜੇ ਜ਼ਿਆਦਾ ਵਿਕਾਸ ਨਹੀਂ ਹੋਇਆ ਕਰਦਾ, ਇਸ ਕਰਕੇ ਉਹ ਬਹੁਤ ਕੁਛ ਨਕਲ ਕਰ ਕੇ ਜਾਂ ਰੀਸ ਕਰ ਕੇ ਸਿੱਖਦਾ ਹੈ, ਅਤੇ ਭਾਂਤ ਭਾਂਤ ਦਾ ਗਿਆਨ ਪ੍ਰਾਪਤ ਕਰਦਾ ਹੈ। ਉਸ ਦੇ ਨਿਰਮਲ ਹਿਰਦੇ ਵਿਚ ਮਿਥਿਆ ਸ੍ਵੈ-ਸਤਿਕਾਰ, ਈਰਖਾ ਤੇ ਮਲੀਨਤਾ ਆਦਿ ਅਵਗੁਣਾਂ ਦਾ ਟਿਕਾਣਾ ਨਹੀਂ ਹੁੰਦਾ।

ਨੈਤਿਕ ਬਲ ਦੀ ਸੁਘੜ ਘਾੜਤ ਲਈ ਗਿਆਨ ਦੇ ਨਾਲ ਨਾਲ ਚੰਗੀ ਸੰਗਤ ਦਾ ਪ੍ਰਾਪਤ ਹੋਣਾ ਬਹੁਤ ਜ਼ਰੂਰੀ ਹੈ। ਜਿਵੇਂ ਖਰਬੂਜ਼ੇ ਨੂੰ ਦੇਖ ਕੇ ਖਰਬੂਜ਼ਾ ਰੰਗ ਪਕੜਦਾ ਹੈ, ਤਿਵੇਂ ਹੀ ਸਤਸੰਗੀ, ਸੰਗਤ ਦੇ ਸਮੂਹਕ ਗੁਣਾਂ ਤੋਂ ਪ੍ਰਭਾਵਤ ਹੋ ਕੇ ਆਪਣੇ ਆਪ ਨੂੰ ਉਸੇ ਰੰਗਣ ਵਿਚ ਸਹਿਜੇ ਹੀ ਰੰਗ ਲੈਂਦਾ ਹੈ।

ਕਬੀਰ ਚੰਦਨ ਕਾ ਬਿਰਵਾ ਭਲਾ ਬੇੜਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥੧੧॥ (੧੩੬੫)

ਸਾਧ ਸੰਗਤਿ ਦੀ ਮਹਿਮਾ ਅਕਥਨੀਯ ਕਿਉਂ ਹੈ? ਇਹ ਗੁਰਦੇਵ ਜੀ ਦਾ ਮਦਰਸਾ (ਸਕੂਲ) ਹੈ, ਜਿਥੇ ਦੈਵੀ ਗੁਣਾਂ ਦਾ ਗਿਆਨ ਵੰਡਿਆ ਜਾਂਦਾ ਹੈ। ਉੱਤਮ ਸੰਗਤ ਦੁਆਰਾ ਜੀਵ ਦਾ ਸਮੁੱਚਾ ਸਰੂਪ ਉੱਤਮ ਹੁੰਦਾ ਹੈ, ਉਹ ਗੁਣਾਂ ਵਲ ਧਾਉਂਦਾ ਹੈ ਤੇ ਅਵਗੁਣਾਂ ਤੋਂ ਛੁਟਕਾਰਾ ਪਾਂਦਾ ਹੈ।

ਊਤਮ ਸੰਗਤਿ ਊਤਮੁ ਹੋਵੈ ॥ ਗੁਣ ਕਉ ਧਾਵੈ ਅਵਗਣ ਧੋਵੈ ॥
ਬਿਨੁ ਗੁਰ ਸੇਵੇ ਸਹਜੁ ਨ ਹੋਵੈ ॥੭॥੫॥ (ਆਸਾ ਮ: ੧, ਪੰਨਾ ੪੧੪)

ਸਤਿਗੁਰ ਤੇ ਸਿੱਖ ਦਾ ਰਿਸ਼ਤਾ ਸੰਸਾਰਕ ਰਿਸ਼ਤਿਆਂ ਤੋਂ ਉੱਚਾ, ਬੇਗਰਜ਼ ਤੇ ਪਵਿੱਤਰ ਹੈ। ਸਤਿਗੁਰੂ ਪਿਆਰੇ ਸਿੱਖਾਂ ਨੂੰ ਵਿਕਾਰਾਂ ਤੋਂ ਹਟਾ ਕੇ ਦੈਵੀ ਗੁਣਾਂ ਨਾਲ ਸਾਂਝ ਕਰਾਉਂਦਾ ਹੈ। ਮਿੱਤਰ ਸਖਾ ਦੇ ਰੂਪ ਵਿਚ ਆਪਣੀਆਂ ਪਾਵਨ ਕਰਣੀਆਂ ਤੇ ਚੱਲਣ ਦਾ ਉਪਦੇਸ਼ ਦ੍ਰਿੜ ਕਰਾਉਣਾ ਆਪ ਦਾ ਮਹਾਨ ਬਿਰਦ ਹੈ।

ਹਮ ਅੰਧੁਲੇ ਅੰਧ ਬਿਖੈ ਬਿਖੁ ਰਾਤੇ, ਕਿਉ ਚਾਲਹ ਗੁਰ ਚਾਲੀ ॥
ਸਤਗੁਰੁ ਦਇਆ ਕਰੇ ਸੁਖਦਾਤਾ ਹਮ ਲਾਵੈ ਆਪਨ ਪਾਲੀ ॥੧॥
**ਗੁਰਸਿਖ ਮੀਤ ਚਲਹੁ ਗੁਰ ਚਾਲੀ ॥**
ਜੋ ਗੁਰੁ ਕਹੈ ਸੋਈ ਭਲ ਮਨਹੁ, ਹਰਿ ਹਰਿ ਕਥਾ ਨਿਰਾਲੀ ॥੧॥ਰਹਾਉ॥੪॥
(ਧਨਾਸਰੀ ਮਹਲਾ ੪, ਪੰਨਾ ੬੬੭)

ਪਰ ਸਾਡੇ ਵਾਸਤੇ ਗੁਰ-ਰੀਤ, ਗੁਰ-ਚਾਲ ਜਾਂ ਕਰਣੀ ਤੇ ਚੱਲਣਾ ਕਾਫ਼ੀ ਨਹੀਂ, ਹਜ਼ੂਰ ਦੇ ਹੁਕਮ ਦੀ ਪਾਲਣਾ ਹੁਕਮਨ ਸਿਰ ਹੁਕਮ ਹੈ। ਸਤਿਗੁਰੂ ਦੀ ਆਗਿਆ ਨੂੰ ਵਿਸਾਰ ਕੇ, ਕਰਣੀ ਵਲ ਧਾਉਣ ਦੀ ਨਿਖੇਧੀ ਕੀਤੀ ਗਈ ਹੈ।

ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ ॥
ਨਾਨਕ ਗੁਰਮਤਿ ਸਾਚਿ ਸਮਾਵਹੁ ॥੨੭॥ (ਦਖਣੀ ਓਅੰਕਾਰੁ, ੯੩੩)

ਸਪਸ਼ਟ ਹੈ ਕਿ ਜਿਥੇ ਰੀਸ ਜਾਂ ਹੁਕਮ ਦੀ ਚੋਣ ਦਾ ਪ੍ਰਸ਼ਨ ਹੋਵੇ, ਓਥੇ ਗੁਰਸਿੱਖ ਹਮੇਸ਼ਾ ਹੁਕਮ ਦੀ ਪਾਲਣਾ ਨੂੰ ਤਰਜੀਹ ਦਿੰਦਾ ਹੈ। ਪਰ ਮਨਮੁਖ ਕਰਣੀ ਦੀ ਰੀਸ ਜਾਂ ਨਕਲ ਕਰਦਾ ਹੈ। ਜਿਥੇ ਗੁਰਮੁਖ ਨਿਮਰਤਾ ਦੇ ਘਰ ਵਿਚ ਵਿਚਰ ਕੇ ਆਪਣੀਆਂ ਖ਼ਾਮੀਆਂ, ਕਮਜ਼ੋਰੀਆਂ ਜਾਂ ਤਰੁੱਟੀਆਂ ਨੂੰ ਸਵੀਕਾਰ ਕਰਨ ਦਾ ਰਾਹ ਅਪਣਾਉਂਦਾ ਹੈ, ਓਥੇ ਮਨਮੁਖ ਆਗਿਆ ਭੰਗ ਕਰ ਕੇ ਕਰਤੱਵ ਦੀ ਉਲੰਘਣਾ ਕਰਦਾ ਹੈ। ਆਪ-ਹੁਦਰੀ, ਨਾਮ-ਧਾਰੀਕ ਸੁਹਾਗਣਿ ਦਾ ਚਿਤਰ ਗੁਰਬਾਣੀ ਵਿਚ ਇਸ ਤਰ੍ਹਾਂ ਖਿੱਚਿਆ ਗਿਆ ਹੈ:—


www.AKJ.Org

ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ ॥
ਕੀਓ ਸੀਗਾਰੁ ਮਿਲਣ ਕੈ ਤਾਈ ਪ੍ਰਭੁ ਲੀਓ ਸੁਹਾਗਨਿ ਥੂਕ ਮੁਖਿ ਪਈਆ ॥੭॥
(ਬਿਲਾਵਲੁ ਮ: ੪, ਪੰਨਾ ੮੩੬)

ਬਾਹਰਮੁਖੀ ਸ਼ਿੰਗਾਰ ਕਰਨ ਵਾਲੀ, ਪਰ ਅੰਦਰੋਂ ਗੁਰਮਤੀ ਗੁਣਾਂ ਤੋਂ ਥੋਥੀ ਪ੍ਰਭੂ ਨੂੰ ਰਿਝਾਅ ਨਹੀਂ ਸਕਦੀ, ਉਸ ਦੀ ਸੱਚੀ ਦਰਗਾਹ ਵਿਚ ਕੋਈ ਥਾਂ ਨਹੀਂ। ਕੇਵਲ ਉਪਰੋਂ ਉਪਰੋਂ ਸ਼ਿੰਗਾਰ ਕਰਨ ਵਾਲੀ ਪ੍ਰਭੂ-ਪਿਆਰ ਤੋਂ ਸਖਣੀ ਹੈ, ਉਹ ਦੁਹਾਗਣ ਹੈ। ਅੰਤ ਨੂੰ ਪਰਮਾਤਮਾ ਦੀ ਦਰਗਹ ਵਿਚ ਦੁਹਾਗਣ ਦੇ ਮੂੰਹ ਵਿਚ ਥੁੱਕ ਹੀ ਪੈਂਦਾ ਹੈ। ਪ੍ਰਭੂ-ਦਰਗਾਹ ਵਿਚ ਕੇਵਲ ਪ੍ਰਭੂ ਦੀ ਆਗਿਆ ਵਿਚ ਚਲਣ ਵਾਲੀ ਹੀ ਪਰਵਾਨ ਹੁੰਦੀ ਹੈ।

ਆਮ ਕਹਾਵਤ ਹੈ ਕਿ ਰੀਸ ਖਰੇ ਦੀ ਕੀਤੀ ਜਾਂਦੀ ਹੈ, ਖੋਟੇ ਦੀ ਨਹੀਂ, ਅਸਲ ਦੀ ਕੀਤੀ ਜਾਂਦੀ ਹੈ, ਨਕਲ ਦੀ ਨਹੀਂ। ਇਉਂ ਰੀਸ ਕਰਨ ਵਾਲਾ ਭਾਵੇਂ ਸੌ ਫੜਾਂ ਮਾਰੇ, ਆਪਣੇ ਆਪ ਨੂੰ ਬਾਰ੍ਹਾਂ-ਵੰਨੀ ਦਾ ਸ਼ੁੱਧ ਸੋਨਾ ਬਣਾ ਕੇ ਜਤਾਏ, ਪਰ ਵਾਸਤਵ ਵਿਚ ਉਹ ਆਪਣੇ ਆਪ ਨੂੰ ਨੀਵਾਂ ਜਾਣ ਕੇ ਦੂਸਰੇ ਵਿਅਕਤੀ ਦੇ ਗੁਣਾਂ ਜਾਂ ਕਰਣੀ ਦੀ ਉੱਚਤਾ ਨੂੰ ਸਵੀਕਾਰ ਕਰਦਾ ਹੈ।

ਇਸ ਉੱਚੇ ਰੁਤਬੇ ਨੂੰ ਤੱਕ ਕੇ, ਏਨਾ ਉੱਚਾ ਬਣਨ ਦੀ ਅਭਿਲਾਸ਼ਾ ਰੀਸ ਨੂੰ ਜਨਮ ਦੇਂਦੀ ਹੈ। ਇਹ ਭਾਵਨਾ ਭਾਵੇਂ ਆਪਣੇ ਆਪ ਵਿਚ ਬੁਰੀ ਨਹੀਂ ਹੈ ਪਰ ਜਦ ਰੀਸ ਕਰਨ ਵਿਚ ਯੋਗਤਾ ਤੇ ਗੁਣਾਂ ਦੀ ਅਣਹੋਂਦ ਹੋਵੇ ਤਾਂ ਰੀਸ ਕਰਨ ਵਾਲੇ ਦੇ ਕਰਮਾਂ ਵਿਚ ਸੁਚੱਜਤਾ ਦਾ ਅੰਸ਼ ਨਾਮ ਮਾਤ੍ਰ ਹੀ ਹੁੰਦਾ ਹੈ। ਸਤਿਗੁਰ ਨਾਨਕ ਦੇਵ ਜੀ ਦਾ ਪਾਵਨ ਹੁਕਮ ਹੈ :—

ਇਕਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥ ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥
ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥ਸੁਣਿ ਗਲਾ ਆਕਾਸ ਕੀ ਕੀਟਾ ਆਈ ਰੀਸ ॥
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ ॥੩੨॥ (ਜਪੁਜੀ, ਪੰਨਾ ੭)

ਅਧਿਆਤਮਕ ਮੰਡਲ ਵਿਚ ਪਰਮਾਤਮਾ ਨਾਲ ਅਭੇਦ ਹੋਏ ਗੁਰਮੁਖਾਂ ਦੀ ਸੋਭਾ ਤੇ ਵਡਿਆਈ ਤੱਕ ਕੇ ਨਿਮਾਣੇ ਕੀੜੇ ਨੂੰ ਅਕਾਸ਼ ਵਿਚ ਉਡਾਰੀ ਲਾਉਣ ਵਾਲੇ ਪੰਛੀਆਂ ਦੀ ਰੀਸ ਆਉਂਦੀ ਹੈ, ਪਰ ਝੂਠੇ ਦੀਆਂ ਝੂਠੀਆਂ ਗੱਪਾਂ ਹੀ ਰਹਿ ਜਾਂਦੀਆਂ ਹਨ ਜੇ ਅਕਾਲ ਪੁਰਖ ਦੀ ਬਖ਼ਸ਼ਸ਼ ਨ ਹੋਵੇ। ਕੋਇਲ ਦੀ ਰੀਸ ਕਰਕੇ, ਕਾਂ ਬਰਾਬਰ ਦੀ ਪਦਵੀ ਪਾਉਣੀ ਚਾਹੁੰਦਾ ਹੈ, ਪਰ ਬੋਲਣ ਸਾਰ ਹੀ ਆਪਣੇ ਅਵਗੁਣਾਂ ਦਾ ਪ੍ਰਗਟਾਵਾ ਕਰ ਦੇਂਦਾ ਹੈ। ਹੰਸਾਂ ਨੂੰ ਮਾਨਸਰੋਵਰ ਵਿਚ ਤਰਦਿਆਂ ਤੱਕ ਕੇ ਚਿੱਟ-ਰੰਗੇ ਬਗਲਿਆਂ ਨੂੰ ਹੰਸਾਂ ਵਾਂਗਰ ਤਰਨ ਦਾ ਚਾਉ ਉਤਪੰਨ ਹੁੰਦਾ ਹੈ, ਪਰ ਵਿਚਾਰੇ ਪਖੰਡੀ ਬਗਲੇ, ਗੁਣਾਂ ਦੀ ਘਾਟ ਹੋਣ ਕਰਕੇ ਸੰਸਾਰ-ਸਾਗਰ ਵਿਚ ਸਿਰ ਪੁਰਨੇ ਹੋ ਕੇ ਡੁੱਬ ਮਰਦੇ ਨੇ—

ਹੰਸਾ ਵੇਖਿ ਤਰੰਦਿਆ ਬਗਾਂ ਭਿ ਆਯਾ ਚਾਉ ॥
ਡੂਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ ॥੩॥੧॥ (ਮ: ੩, ਵਡਹੰਸ ਕੀ ਵਾਰ, ੫੮੫)

ਉਂਜ ਤਾਂ ਗੁਰੂ ਸਾਹਿਬਾਨ ਦੇ ਜੀਵਨ-ਕਾਲ ਵਿਚ ਹੀ ਰੀਸ ਦੀ ਮਿੱਠੀ ਬਿਮਾਰੀ ਪੈਦਾ ਹੋ ਚੁਕੀ ਸੀ, ਪਰ ਵਰਤਮਾਨ ਕਾਲ ਵਿਚ ਤਾਂ ਇਸ ਦੇ ਵਿਕਸਤ ਰੂਪ ਪ੍ਰਗਟਾਵੇ ਨੇ ਗੁਰਸਿਖੀ ਲਈ ਢਾਹ-ਲਾਊ ਰਵੱਈਆ ਧਾਰਨ ਕਰ ਲਿਆ ਹੈ। ਇਸ ਰੀਸ ਦੇ ਘੇਰੇ ਅੰਦਰ ਗੁਰੂ ਵਿਅਕਤੀ ਦੀ ਬਰਾਬਰੀ, ਕਰਣੀਆਂ ਤੇ ਗੁਣਾਂ ਦੀ ਬਰਾਬਰੀ ਅਤੇ ਸਭ ਤੋਂ ਨੀਚ ਹਰਕਤ ਵਾਲੀ ਸੱਚੀ ਬਾਣੀ ਦੀ ਬਰਾਬਰੀ ਹੈ। ਇਸ ਦੇ ਇਲਾਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਾਤਮਕ ਕਲਾ ਦੀ ਨਕਲ ਕੀਤੀ ਗਈ ਹੈ, ਭਾਵੇਂ ਉਸ ਸਰੂਪ ਨੂੰ ਗੁਰੂ ਦੀ ਪਦਵੀ ਨਹੀਂ ਦਿੱਤੀ ਗਈ।

ਜਦ ਸਿੱਖਾਂ ਤੇ ਕਸ਼ਟਾਂ ਤੇ ਮੁਸੀਬਤਾਂ ਦੇ ਝੱਖੜ ਝੁੱਲ ਰਹੇ ਸਨ, ਸਿੱਖੀ ਦੀ ਪਰਖ ਹੋ ਰਹੀ ਸੀ, ਸਿਰਾਂ ਦੇ ਮੁੱਲ ਪੈ ਰਹੇ ਸਨ, ਕਿਸੇ ਵੀ ਦੇਹਧਾਰੀ ਆਗੂ ਨੂੰ ਗੁਰੂ-ਡੰਮ ਚਲਾਉਣ ਦਾ ਹੀਆ ਨਹੀਂ ਪਇਆ। ਪਰ ਸਿੱਖ


www.AKJ.Org

ਰਾਜ ਦੇ ਖ਼ਾਤਮੇ ਪਿਛੋਂ ਭਾਂਤ ਭਾਂਤ ਦੇ ਗੁਰੂ ਬਰਸਾਤੀ ਖੁੰਬਾਂ ਵਾਂਗ ਪ੍ਰਗਟ ਹੋਣੇ ਸ਼ੁਰੂ ਹੋ ਗਏ। ਹੁਣ ਤਾਂ ਇਨ੍ਹਾਂ ਦੇ ਕਈ ਵੱਖਰੇ ਰੂਪ ਸਾਖਸ਼ਾਤ ਸਾਹਮਣੇ ਆ ਗਏ ਹਨ। ਕੱਚ ਗੁਰੂਆਂ ਨੂੰ ਇਹ ਸਮਝ ਨਾ ਆਈ ਕਿ ਗੁਰਿਆਈ ਜਾਂ ਵਡਿਆਈ ਦੀ ਦਾਤਿ ਸਾਹਿਬ ਦੇ ਹੱਥ ਵਿਚ ਹੈ। ਰੀਸ ਕਰਨ ਵਾਲਾ ਮੂਰਖ ਤੇ ਅਗਿਆਨੀ ਹੈ।

ਜਿਸ ਨੋ ਸਾਹਿਬੁ ਵਡਾ ਕਰੇ ਸੋਈ ਵਡ ਜਾਣੀ ॥
ਜਿਸੁ ਸਾਹਿਬ ਭਾਵੈ ਤਿਸੁ ਬਖਸਿ ਲਏ ਸੋ ਸਾਹਿਬ ਮਨਿ ਭਾਣੀ ॥
ਜੇ ਕੋ ਓਸ ਦੀ ਰੀਸ ਕਰੇ ਸੋ ਮੂੜ ਅਜਾਣੀ ॥
ਜਿਸ ਨੋ ਸਤਿਗੁਰੁ ਮੇਲੇ ਸੁ ਗੁਣ ਰਵੈ ਗੁਣ ਆਖਿ ਵਖਾਣੀ ॥
ਨਾਨਕ ਸਚਾ ਸਚੁ ਹੈ ਬੁਝਿ ਸਚਿ ਸਮਾਣੀ ॥੫॥ (ਗਉੜੀ ਕੀ ਵਾਰ ਮਹਲਾ ੪, ਪੰਨਾ ੩੦੨)

ਵਿਣ ਗੁਣ ਗੁਰੂ ਸਦਾਉਣ ਵਾਲਿਆਂ ਦਾ ਜਾਦੂ ਭੋਲੇ ਭਾਲੇ ਅਗਿਆਨੀਆਂ ਉਤੇ ਸਦਾ ਹੀ ਚੱਲਦਾ ਆਇਆ ਹੈ। ਗੁਣਾਂ ਦਾ ਪਾਰਖੂ ਬਣਾਉਟੀ ਫੁੱਲਾਂ ਦੀ ਬਾਹਰਲੀ ਸੁੰਦਰਤਾ ਤੇ ਰੀਝਦਾ ਨਹੀਂ, ਉਹ ਕੇਵਲ ਗੁਣਾਂ ਦਾ ਗਾਹਕ ਹੁੰਦਾ ਹੈ। ਜਿਸ ਦਾ ਨੱਕ ਦੁਰਗੰਧ ਤੇ ਸੁਗੰਧ ਨੂੰ ਇਕੋ ਸਮਝਦਾ ਹੈ, ਉਸਦੀ ਪਹੁੰਚ ਬਾਹਰਲੇ ਰੂਪ ਦੀ ਪ੍ਰਸੰਸਾ ਤਕ ਹੀ ਹੁੰਦੀ ਹੈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਜੋਤੀ ਜੋਤਿ ਸਮਾਉਣ ਬਾਅਦ, ਗੁਰ-ਗੱਦੀ ਦੀ ਪ੍ਰਾਪਤੀ ਲਈ ਬਾਬਾ ਬਕਾਲੇ ਵਿਖੇ ਪਖੰਡੀ ਗੁਰੂਆਂ ਦੀ ਗਿਣਤੀ ੨੨ ਤਕ ਪਹੁੰਚ ਗਈ ਅਤੇ ਅਸਲੀਅਤ ਦਾ ਕੱਢਣਾ ਤੇ ਸਿੱਧ ਕਰਨਾ ਭੀ ਕਠਨ ਹੋ ਗਿਆ। ਸਚਾਈ ਤਾਂ ਇਕ ਦਿਨ ਜਗਤ ਵਿਚ ਸਾਹਮਣੇ ਆਉਣੀ ਹੀ ਸੀ, ਪਰ ਪਤਾ ਨਹੀਂ ਇਸ ਝੂਠੀ ਦੁਕਾਨਦਾਰੀ ਦੀ ਨੁਮਾਇਸ਼ ਹੋਰ ਕਿੰਨੇ ਦਿਨ ਚਲਦੀ ਜੇ ਮੱਖਣ ਸ਼ਾਹ ਲੁਬਾਣਾ ਸਚੇ ਗੁਰਦੇਵ ਗੁਰੂ ਤੇਗ ਬਹਾਦਰ ਸਾਹਿਬ ਨੂੰ ਪ੍ਰਗਟ ਨ ਕਰਦਾ। ਜਿਨ੍ਹਾਂ ਨੇ ਭੋਰੇ ਵਿਚ ਅਥਾਹ ਭਗਤੀ ਕੀਤੀ, ਜਿਨ੍ਹਾਂ ਦੀ ਬਿਰਤੀ ਉਨਮਨੀ ਅਵਸਥਾ ਵਿਚ ਨਾਮ-ਰੰਗ ਮਾਣਦੀ ਸੀ, ਜਿਨ੍ਹਾਂ ਦੇ ਹਿਰਦੇ ਦਾ ਕੰਵਲ ਫੁੱਲ ਵਿਗਸ ਕੇ ਨਾਮ-ਸੁਗੰਧੀ ਦੀਆਂ ਲਪਟਾਂ ਵੰਡਦਾ ਸੀ, ਐਸੇ ਸੱਚੇ ਸਤਿਗੁਰੂ ਦੀ ਬਰਾਬਰੀ ਕਰਨ ਵਾਲਿਆਂ ਦੇ ਸਿਰ ਸੁਆਹ ਨ ਪਵੇ ਤਾਂ ਕੀ ਪਵੇ—

ਗੁਰ ਪੂਰੇ ਕੀ ਦਾਤਿ ਨਿਤ ਦੇਵੈ ਚੜੈ ਸਵਾਈਆ ॥ ਤੁਸਿ ਦੇਵੈ ਆਪਿ
ਦਇਆਲੁ ਨ ਛਪੈ ਛਪਾਈਆ ॥ ਹਿਰਦੈ ਕਵਲੁ ਪ੍ਰਗਾਸੁ ਉਨਮਨਿ ਲਿਵ ਲਾਈਆ ॥
ਜੇ ਕੋ ਕਰੇ ਉਸ ਦੀ ਰੀਸ ਸਿਰਿ ਛਾਈ ਪਾਈਆ ॥ ਨਾਨਕ ਅਪੜਿ ਕੋਇ ਨ ਸਕਈ
ਪੂਰੇ ਸਤਿਗੁਰ ਕੀ ਵਡਿਆਈਆ ॥੩੪॥ (ਸਾਰਗ ਕੀ ਵਾਰ ਮ: ੪, ੧੨੫੦)

ਪੂਰੇ ਸਤਿਗੁਰ ਦੀ ਵਡਿਆਈ ਦੀ ਬਰਾਬਰੀ ਕਰਨੀ ਕਿੰਨੀ ਹਮਾਕਤ ਹੈ, ਜਦ ਕਿ ਨਾਮ ਰਸੀਏ ਭਗਤਾਂ, ਸੰਤਾਂ, ਗੁਰਸਿਖਾਂ ਦੀ ਰੀਸ ਕਰਨੀ ਵੀ ਸੌਖੀ ਨਹੀਂ। ਜਿਨ੍ਹਾਂ ਨੇ ਰੀਸ ਕਰਨ ਦਾ ਕੋਝਾ ਜਤਨ ਕੀਤਾ ਹੈ, ਉਨ੍ਹਾਂ ਦੇ ਪੱਲੇ ਖੁਆਰੀ ਹੀ ਪਈ ਹੈ—

ਓਨਾ ਕੀ ਰੀਸ ਕਰੇ ਸੁ ਵਿਗੁਚੈ ਜਿਨ ਹਰਿ ਪ੍ਰਭੁ ਹੈ ਰਖਵਾਰਾ ॥੫॥੧॥ (ਸੋਰਿਠ ਮ: ੩, ੬੩੮)

ਸੱਚੇ ਸਤਿਗੁਰੂ ਦੇ ਪਾਵਨ ਹਿਰਦੇ ਵਿਚੋਂ ਪ੍ਰਗਟ ਹੋਈ ਬਾਣੀ ਦੀ ਖੁਸ਼ਬੂ ਸਾਰੇ ਸੰਸਾਰ ਵਿਚ ਇਸ ਤਰ੍ਹਾਂ ਪਸਰ ਗਈ, ਜਿਵੇਂ ਮੌਲਸਰੀ ਬ੍ਰਿਛ ਦੀਆਂ ਸ਼ਾਖਾਂ ਖਿਲਰ ਕੇ ਸੁਗੰਧੀ ਖਿਲਾਰਦੀਆਂ ਹਨ। ਇਸ ਦੀ ਅਪਾਰ ਮਹਿਮਾ ਗੁਰਸਿੱਖਾਂ ਦੇ ਮਨਾਂ ਵਿਚ ਘਰ ਕਰ ਗਈ। ਬੇਮੁਖਾਂ ਨੂੰ ਬਾਣੀ ਰਚਣ ਦਾ ਚਾਅ ਉਤਪੰਨ ਹੋਇਆ। ਜਿਵੇਂ ਭੀ ਹੋਇਆ, ਉਨ੍ਹਾਂ ਨੇ ਰੀਸ ਕਰਕੇ ਆਪਣੇ ਵਲੋਂ ਮੁਕਾਬਲੇ ਵਿਚ ਬਾਣੀ ਰਚਣ ਵਿਚ ਕੋਈ ਕਸਰ ਨਹੀਂ ਛੱਡੀ। ਇਸ ਦਾ ਸੰਕੇਤ ਰਾਮਕਲੀ ਅਨੰਦ ਵਿਚ ਸ੍ਰੀ ਗੁਰੂ ਅਮਰਦਾਸ ਜੀ ਨੇ ਦਿੱਤਾ ਹੈ। ਹਜ਼ੂਰ ਨੇ ਸੱਚੀ ਬਾਣੀ ਗਾਉਣ ਅਤੇ ਸਤਿਗੁਰੂ ਬਿਨਾਂ ਹੋਰ ਵਿਅਕਤੀ ਦੁਆਰਾ ਉਚਾਰੀ ਬਾਣੀ ਨੂੰ ਕੱਚੀ ਬਾਣੀ ਆਖ ਕੇ ਇਸ ਤੋਂ ਸਾਵਧਾਨ ਰਹਿਣ ਦਾ ਪਾਵਨ ਉਪਦੇਸ਼ ਦਿੱਤਾ ਹੈ। ਕੱਚੀ ਬਾਣੀ ਗਾਉਣ ਵਾਲਾ ਵੀ ਕੱਚਾ ਤੇ ਸੁਣਨ ਵਾਲਾ ਵੀ ਕੱਚਾ ਹੈ। ਜਿਹੜੇ ਗੁਰਮੁਖ ਜਨ ਕੱਚੀ ਬਾਣੀ, ਕੱਚੇ ਭਜਨਾਂ, ਰਾਗਾਂ, ਗੀਤਾਂ ਤੋਂ ਅਭਿੱਜ


www.AKJ.Org

ਰਹਿ ਕੇ ਬਾਣੀਆਂ ਸਿਰ ਬਾਣੀ ਗੁਰਬਾਣੀ ਦੇ ਅਖੰਡ ਕੀਰਤਨ ਦਾ ਚਾਹੇ ਸੁਣ ਕੇ ਚਾਹੇ ਸੁਣਾ ਕੇ ਇਲਾਹੀ ਅਨੰਦ ਮਾਣਦੇ ਹਨ, ਉਨ੍ਹਾਂ ਦੀ ਹੁਕਮ ਵਿਚ ਵਿਚਰਨ ਦੀ ਇਹ ਬਿਰਤੀ ਨਦਰਿ ਰਹਿਮਤ ਦੇ ਸੱਦਕੇ ਹੈ, ਨਹੀਂ ਤਾਂ ਆਮ ਲੋਕਾਈ ਸਤਿਗੁਰੂ ਦੇ ਤਾੜਨਾ ਭਰੇ ਸ਼ਬਦਾਂ ਦੀ ਪਰਵਾਹ ਨ ਕਰਦਿਆਂ ਕਚਘੁਰੜ ਗੁਰੂਆਂ ਦੀ ਮਨਮਤਿ ਪਿਛੇ ਭੇਡਾਂ ਵਾਂਗਰ ਭਉਂਦੀ ਫਿਰਦੀ ਹੈ । ਇਸ ਵਰਗ ਦੇ ਪਾਖੰਡੀ ਮੀਣੇ ਗੁਰੂਆਂ ਪ੍ਰਤੀ ਫੁਰਮਾਨ ਹੈ—

> ਚੜਿ ਕੈ ਘੋੜੜੈ ਕੁੰਦੇ ਪਕੜਹਿ ਖੂੰਡੀ ਦੀ ਖੇਡਾਰੀ ॥ ਹੰਸਾ ਸੇਤੀ ਚਿਤੁ ਉਲਾਸਹਿ
> ਕੁਕੜ ਦੀ ਓਡਾਰੀ ॥੨॥੧੯॥ (ਮ: ੫, ਗਉੜੀ ਕੀ ਵਾਰ, ੩੨੨)

ਅਰਥਾਤ, ਇਹ ਲੋਕ ਹੰਸਾਂ ਦੀ ਰੀਸ ਕਰਨ ਲਈ ਲਲਚਾਉਂਦੇ ਹਨ, ਪਰ ਉਨ੍ਹਾਂ ਦੀ ਉਡਾਰੀ ਕੁੱਕੜ ਸਮਾਨ ਹੈ । ਭਲਾ ਜਿਸ ਚੰਗੇ ਖਿਡਾਰੀ ਨੇ ਘੋੜੇ ਤੇ ਚੜ੍ਹ ਕੇ ਪੋਲੋ ਦੀ ਖੇਡ ਖੇਡਣੀ ਹੈ, ਉਹ ਖੁੱਲੇ ਹੱਥ ਸਵਾਰੀ ਕਰਦਾ ਹੈ, ਕਾਠੀ ਦੇ ਹੰਨੇ ਨੂੰ ਨਹੀਂ ਪਕੜਦਾ ।

ਸਤਿਗੁਰੂ ਨਾਨਕ ਦੇਵ ਜੀ ਦੀ ਨਉਨਿਧਿ-ਨਾਮ-ਗਰੀਬੀ ਦਾ ਕਮਾਲ ਸਿਖਰ ਨੂੰ ਛੋਹਦਾ ਹੈ, ਜਦ ਆਪ ਸੱਜਣ ਠੱਗ ਪ੍ਰਤੀ ਉਚਾਰੇ ਸ਼ਬਦ "ਉਜਲੁ ਕੈਹਾ ਚਿਲਕਣਾ—ਪੰਨਾ ੭੨੯" ਵਾਂਗ ਖਸਮ ਨਾਲ ਰੱਤੀਆਂ ਸੁਹਾਗਣਾਂ ਦੀ ਰੀਸ ਕਰਨ ਵਾਲੀਆਂ ਦੁਹਾਗਣਾਂ ਨੂੰ ਸਿੱਧਾ ਉਪਦੇਸ਼ ਕਰਕੇ, ਉਨ੍ਹਾਂ ਦੀ ਸ੍ਵੈਮਾਨਤਾ ਨੂੰ ਕੇਵਲ ਸੱਟ ਹੀ ਨਹੀਂ ਮਾਰਦੇ, ਬਲਕਿ ਉਨ੍ਹਾਂ ਦੀ ਮਲੀਨ ਬੁੱਧੀ ਤੇ ਪਾਖੰਡੀ ਜੀਵਨ ਨੂੰ ਆਪਣੇ ਉਤੇ ਘਟਾ ਕੇ ਨਿਮਰਤਾ ਤੇ ਇਖ਼ਲਾਕੀ ਦਲੇਰੀ ਦਾ ਭਾਵ-ਪੂਰਕ ਪ੍ਰਗਟਾਵਾ ਕਰਦੇ ਹਨ :—

> ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥ ਮਨਹੁ ਕੁਸੁਧਾ ਕਾਲੀਆ, ਬਾਹਰਿ
> ਚਿਟਵੀਆਹ ॥ ਰੀਸਾਂ ਕਰਹਿ ਤਿਨਾੜੀਆ ਜੋ ਸੇਵਹਿ ਦਰੁ ਖੜੀਆਹ ॥ ਨਾਲਿ
> ਖਸਮੈ ਰਤੀਆ ਮਾਣਹਿ ਸੁਖਿ ਰਲੀਆਹ ॥ ਹੋਦੈ ਤਾਣਿ ਨਿਤਾਣੀਆ, ਰਹਹਿ
> ਨਿਮਾਨਣੀਆਹ ॥ ਨਾਨਕ ਜਨਮੁ ਸਕਾਰਥਾ, ਜੇ ਤਿਨ ਕੈ ਸੰਗਿ ਮਿਲਾਹ ॥੨॥੭॥ (੮੫)

ਗੁਰ-ਸਾਗਰ ਦੇ ਰਤਨਾਂ ਦੀ ਸਾਰ ਹੰਸ-ਰੂਪੀ ਸਚਿਆਰ ਗੁਰਸਿੱਖਾਂ ਨੂੰ ਹੈ । ਬਿਖ ਮਾਇਆ ਖ਼ਾਤਰ ਝੱਖ ਝੱਖ ਮਰਦੇ ਕੂੜਿਆਰ ਤੇ ਕਪਟੀ ਬੰਦੇ ਅਤੁੱਲ ਵਾਹਿਗੁਰੂ ਦੇ ਗੁਣਾਂ ਦੀ, ਬਚਨਾਂ ਦੀ, ਅਰਥਾਤ; ਗੁਰਬਾਣੀ ਦੀ ਸ੍ਰੇਸ਼ਟਤਾ ਸਮਝਣ ਵਲ ਧਿਆਨ ਨਹੀਂ ਦਿੰਦੇ, ਬਲਕਿ ਰੀਸ ਕਰਕੇ ਕੱਚੀ ਪਿੱਲੀ ਬਾਣੀ ਦੀ ਰਚਨਾ ਕਰਦੇ ਹਨ । ਸੱਚੇ ਪਾਤਸ਼ਾਹ ਨੇ ਠੀਕ ਹੀ ਫੁਰਮਾਇਆ ਹੈ ਕਿ—

> ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ ਫਿਟੁ ਫਿਟੁ ਮੁਹ ਫਿਕੈ॥੮॥ (ਪੰਨਾ ੩੦੪)

ਪੂਰੇ ਸਤਿਗੁਰ ਦਾ ਪੂਰਾ ਉਪਦੇਸ਼ ਸੱਚ ਸਰੂਪ, ਸਰਬ-ਕਾਲੀ, ਸਰਬ-ਸਾਂਝਾ ਤੇ ਹਰੇਕ ਪਖੋਂ ਸੰਪੂਰਨ ਹੈ । ਇਹ ਉਪਦੇਸ਼ ਦਾਤੀ ਸੱਚੀ ਗੁਰਬਾਣੀ ਹੈ, ਨਿਰੰਕਾਰੀ ਗਿਆਨ ਦਾ ਸਾਕਾਰੀ ਭੰਡਾਰ ਹੈ । ਇਹ ਨਾਮ ਸਿਮਰਨ, ਨਾਮ ਅਭਿਆਸ, ਅਜਪਾ ਜਾਪ, ਸਹਜ ਧਿਆਨ, ਅਫੁਰ ਸਮਾਧੀ, ਪਾਠ ਵੀਚਾਰ, ਉਸਤਤਿ, ਮਹਿਮਾ ਤੇ ਕੀਰਤਨ ਦੀ ਵਡਿਆਈ ਦ੍ਰਿੜ੍ਹਾਉਂਦੀ ਹੈ । ਸਰਬ ਗੁਣਾਂ ਭਰਪੂਰ ਬਾਣੀ ਭਗਤੀ ਤੇ ਸ਼ਕਤੀ ਦਾ ਸੋਮਾ ਹੈ । ਇਸ ਦੇ ਅੰਮ੍ਰਿਤ-ਮਈ ਸਪਰਸ਼ ਤੋਂ ਉੱਦਮ, ਸ਼ਕਤੀ, ਗ਼ੈਰਤ, ਸੁੱਚੀ ਘਾਲ ਕਮਾਈ ਦੀ ਪ੍ਰੇਰਨਾ, ਦੇਗ ਤੇਗ ਫਤਹ ਅਤੇ ਪਰਉਪਕਾਰੀ ਜੀਵਨ ਦੀ ਸੁਭਾਗੀ ਦਾਤਿ, ਸੱਚੇ ਸਪੁੱਤਰ ਨੂੰ ਵਿਰਸੇ ਵਿਚ ਮਿਲਦੀ ਹੈ ਤੇ ਸਦਾ ਲਈ ਮਿਲਦੀ ਰਹੇਗੀ । ਇਸ ਦੇ ਉਲਟ ਸੱਚੇ ਨਾਮ ਤੋਂ ਵੰਚਿਤ ਤੇ ਖਸਮਹੁ ਘੁੱਥੇ ਪ੍ਰਾਣੀ ਦੇ ਨਾਪਾਕ ਚੰਚਲ ਹਿਰਦੇ ਵਿਚ ਗੁਰਬਾਣੀ ਦਾ ਚਾਨਣ ਕਦਾਚਿਤ ਨਹੀਂ ਟਿਕ ਸਕਦਾ । ਗੁਰਦੇਵ ਜੀ ਦਾ ਫੁਰਮਾਨ ਹੈ—

> ਤੂੰ ਵੇਪਰਵਾਹੁ ਅਥਾਹੁ ਹੈ ਅਤੁਲੁ ਕਿਉ ਤੁਲੀਐ ॥ ਸੇ ਵਡਭਾਗੀ ਜਿ ਤੁਧੁ ਧਿਆਇਦੇ ਜਿਨ
> ਸਤਿਗੁਰੁ ਮਿਲੀਐ ॥ ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ ॥ ਸਤਿਗੁਰ ਕੀ
> ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥ ਓਨ੍ਹਾ ਅੰਦਰਿ ਹੋਰੁ ਮੁਖਿ ਹੋਰੁ
> ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ ॥੯॥ (ਗਉੜੀ ਕੀ ਵਾਰ ਮਹਲਾ ੪—ਪੰਨਾ ੩੦੪)


www.AKJ.Org

# ਮਾਡਲ ਟੈਸਟ ਪੇਪਰ

## ਬਾਰਹਮਾਹਾ ਮਾਝ ਤੇ ਤੁਖਾਰੀ ਅਤੇ ਅਰਦਾਸ

ਨੋਟ :—ਗੁਰਬਾਣੀ ਥਰੈਪੀ ਟ੍ਰਸਟ ਅੰਮ੍ਰਿਤਸਰ ਵਲੋਂ, ਗੁਰਬਾਣੀ ਸਾਧਨਾ ਸਕੀਮ ਹੇਠ "ਬਾਰਾਮਾਹਾ ਮਾਝ ਤੇ ਤੁਖਾਰੀ ਅਤੇ ਅਰਦਾਸ" ਬਾਰੇ ਪ੍ਰੀਖਿਆ 6 ਅਕਤੂਬਰ 1991 ਨੂੰ ਰਖੀ ਗਈ ਹੈ । ਇਸ ਸੰਬੰਧ ਵਿਚ ਬਾਰਾਮਾਹਿਆਂ ਅਤੇ ਅਰਦਾਸ ਨਾਲ ਜੋੜਨ ਲਈ ਹੇਠ ਲਿਖਿਆ ਪੇਪਰ ਪਾਠਕਾਂ ਦੇ ਪੇਸ਼ ਹੈ । —ਸੰਪਾਦਕ

੧. ਪ੍ਰਸ਼ਨ :—ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ 'ਬਾਰਹ ਮਾਹਾ' ਤੋਂ ਕੀ ਭਾਵ ਹੈ ?

ਉਤਰ :—ਗੁਰਬਾਣੀ ਦਾ ਉਹ ਰੂਪ, ਜਿਸ ਵਿਚ ਦੇਸੀ ਸਾਲ ਦੇ ਬਾਰ੍ਹਾਂ ਮਹੀਨਿਆਂ ਨੂੰ ਲੈ ਕੇ, ਕੁਦਰਤਿ ਦੀਆਂ ਬਦਲਦੀਆਂ ਪ੍ਰਸ਼ਥਿਤੀਆਂ (ਹਾਲਤਾਂ) ਦੇ ਪਿਛੋਕੜ ਵਿਚ ਜੀਵ-ਇਸਤ੍ਰੀ ਦੀ ਆਪਣੇ ਪਤੀ-ਪਰਮੇਸ਼ਰ ਨੂੰ ਮਿਲਣ ਦੀ ਤੜਪ ਅਤੇ ਪਤੀ-ਪਰਮੇਸ਼ਰ ਦੇ ਮਿਲਾਪ ਦੇ ਅਨੰਦ ਦੀ ਪ੍ਰੇਮ-ਗਾਥਾ ਗਾਈ ਗਈ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਬਾਰਹਮਾਹਾ' ਦੇ ਸਿਰਲੇਖ ਥਲੇ ਅੰਕਿਤ ਹੈ ।

੨. ਪ੍ਰਸ਼ਨ :—ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕਿੰਨੇ ਬਾਰਹਮਾਹੇ ਹਨ ? ਕਿਹੜੇ ਰਾਗ ਵਿਚ ਹਨ ਅਤੇ ਕਿਹੜੇ ਮਹਲੇ ਦੀ ਰਚਨਾ ਹਨ ?

ਉਤਰ :—ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹਮਾਹੇ ਹਨ । ਇਕ ਮਹਲੇ ਪਹਿਲੇ (ਸ੍ਰੀ ਗੁਰੂ ਨਾਨਕ ਦੇਵ ਜੀ) ਦੀ ਰਚਨਾ ਹੈ, ਜੋ ਤੁਖਾਰੀ ਰਾਗ ਵਿਚ ਹੈ । ਇਹ ਮਹਲੇ ਪਹਿਲੇ ਦੀ ਅੰਤਲੀ ਰਚਨਾ ਮੰਨੀ ਜਾਂਦੀ ਹੈ । ਦੂਜਾ ਬਾਰਹਮਾਹਾ ਮਹਲੇ ਪੰਜਵੇਂ (ਸ੍ਰੀ ਗੁਰੂ ਅਰਜੁਨ ਦੇਵ ਜੀ) ਦੀ ਰਚਨਾ ਹੈ, ਜੋ ਮਾਝ ਰਾਗ ਵਿਚ ਹੈ । ਪਹਲੇ 'ਬਾਰਹਮਾਹਾ' ਦੇ ੧੭ ਪਦੇ ਹਨ ਅਤੇ ਦੂਜੇ ਦੇ ੧੪ ਪਦੇ । ਦੋਹਾਂ ਦਾ ਵਿਸ਼ਾ-ਵਸਤੂ ਇਕੋ ਜਿਹਾ ਹੈ ।

੩. ਪ੍ਰਸ਼ਨ :—'ਬਾਰਹਮਾਹਾ' ਦੀ ਰਚਨਾ ਦਾ ਵਿਸ਼ੇਸ਼ ਪ੍ਰਯੋਜਨ ਕੀ ਜਾਪਦਾ ਹੈ ?

ਉਤਰ :—ਸਮੱਗਰ ਬਾਣੀ ਰਚਣ ਦਾ ਪ੍ਰਯੋਜਨ ਮਾਨਵ-ਕਲਿਆਨ ਹੀ ਹੈ । ਜਿਥੋਂ ਤਕ 'ਬਾਰਹ ਮਾਹਾ' ਰਚਨਾ ਦਾ ਸੰਬੰਧ ਹੈ, ਰੁਤਾਂ ਦੀ ਤਬਦੀਲੀ ਨਾਲ ਪਰਕਿਰਤੀ ਅਥਵਾ ਕੁਦਰਤਿ ਦੇ ਰੂਪ ਰੰਗ ਵਿਚ ਤਬਦੀਲੀ ਆਉਂਦੀ ਹੈ, ਕਦੀ ਗਰਮੀ ਕਦੀ ਸਰਦੀ, ਕਦੀ ਖੇੜਾ ਕਦੀ ਕੁਮਲਾਹਟ । ਕੁਦਰਤਿ ਦੀ ਤਬਦੀਲੀ ਦੇ ਨਾਲ ਨਾਲ ਜੀਵ ਦੀ ਅੰਦਰਲੀ ਸਥਿਤੀ ਵਿਚ ਵੀ ਅਜਿਹੀ ਹੀ ਤਬਦੀਲੀ ਵਾਪਰਦੀ ਹੈ । ਕੁਦਰਤਿ ਦਾ ਖੇੜਾ ਜੀਵ ਅੰਦਰ ਵੀ ਖੇੜਾ ਅਤੇ ਮਸਤੀ ਪੈਦਾ ਕਰ ਦਿੰਦਾ ਹੈ ਅਤੇ ਕੁਦਰਤਿ ਦੀ ਕੁਮਲਾਹਟ ਦੇ ਸਿਟੇ ਵਜੋਂ ਮਨੁਖੀ ਮਨ ਵਿਚ ਵੀ ਉਪਰਾਮਤਾ ਅਤੇ ਉਦਾਸੀਨਤਾ ਉਤਪੰਨ ਹੋ ਜਾਂਦੀ ਹੈ । ਮਨੁਖੀ ਮਨ ਦੀਆਂ ਉਪ੍ਰੋਕਤ ਦੋਵੇਂ ਪਰਸਪਰ ਵਿਰੋਧੀ ਮਨੋ-ਬਿਰਤੀਆਂ ਜੇ ਉਲਾਰ ਹੋ ਜਾਣ ਤਾਂ ਮਨੁਖੀ ਜੀਵਨ ਤੇ ਮਾਰੂ ਅਸਰ ਪਾਉਂਦੀਆਂ ਹਨ, ਪਰ ਜੇ ਇਹਨਾਂ ਮਨੋ-ਬਿਰਤੀਆਂ ਦੇ ਵੇਗ ਨੂੰ ਗਿਆਨ ਅਤੇ ਭਗਤੀ-ਸਾਧਨਾ ਦੀ ਨੱਥ ਪਾ ਕੇ ਆਪਣੇ ਅਸਲੇ (ਪ੍ਰਭੂ) ਨਾਲ ਜੋੜ ਦਿਤਾ ਜਾਏ ਤਾਂ ਜੀਵਨ ਅੰਮ੍ਰਿਤ-ਜੀਵਨ ਹੋ ਨਿਬੜਦਾ ਹੈ । 'ਬਾਰਹ ਮਾਹਾ' ਦੀ ਰਚਨਾ ਦਾ ਮਨੋਰਥ ਮਨੁਖੀ ਜੀਵਨ ਨੂੰ ਅੰਮ੍ਰਿਤ-ਜੀਵਨ ਬਣਾ ਕੇ ਸਫਲ ਕਰਨਾ ਹੀ ਜਾਪਦਾ ਹੈ ।

੪. ਪ੍ਰਸ਼ਨ :—'ਸੰਗ੍ਰਾਂਦ' ਦਾ ਕੀ ਭਾਵ ਹੈ ? ਇਸ ਦਾ ਗੁਰਮਤਿ ਨਾਲ ਕੀ ਸੰਬੰਧ ਹੈ ?

ਉਤਰ :—ਸੂਰਜ ਦੇ ਇਕ ਰਾਸਿ ਤੋਂ ਦੂਜੀ ਰਾਸਿ ਵਿਚ ਪਰਵੇਸ਼ ਕਰਨ ਵਾਲੇ ਦਿਨ ਨੂੰ 'ਸੰਗ੍ਰਾਂਦ' ਕਿਹਾ ਜਾਂਦਾ ਹੈ । ਸੂਰਜ ਨੂੰ ਦੇਵਤਾ ਮੰਨ ਕੇ ਇਸ (ਸੂਰਜ) ਦੀ ਪੂਜਾ ਕਰਨ ਵਾਲੇ ਲੋਕ 'ਸੰਗ੍ਰਾਂਦ' ਵਾਲੇ ਦਿਨ ਨੂੰ ਸ਼ੁਭ ਮੰਨਦੇ ਹਨ । ਇਹ ਮਨੌਤ ਮਨੁਖ ਦੇ ਅੰਦਰ ਵਹਿਮ ਭਰਮ ਪੈਦਾ ਕਰਦੀ ਹੈ ।

ਗੁਰਮਤਿ ਦਾ ਦ੍ਰਿਸ਼ਟੀਕੋਣ ਇਹ ਹੈ ਕਿ ਸਾਰੇ ਮਹੀਨੇ, ਦਿਨ, ਮਹੂਰਤ ਕਰਤਾ ਪੁਰਖ ਦੇ ਬਣਾਏ


www.AKJ.Org

ਹੋਏ ਹਨ ਤੇ ਇਸ ਲਈ ਸਾਰੇ ਹੀ ਭਲੇ ਅਥਵਾ ਸੁਭ ਹਨ। ਸੋ, ਗੁਰਮਤਿ ਅਨੁਸਾਰ ਸੰਗ੍ਰਾਂਦ ਵਾਲੇ ਦਿਨ ਵਿਚ ਕੋਈ ਵਿਸ਼ੇਸ਼ਤਾ ਨਹੀਂ। ਵਿਸ਼ੇਸ਼ਤਾ ਕੇਵਲ ਸਿਮਰਨ ਦੀ ਹੈ, ਇਸ ਲਈ ਜਿਹੜਾ ਮਹੀਨਾ, ਦਿਨ, ਪਲ, ਘੜੀ ਸਿਮਰਨ ਕਰਦਿਆਂ ਲੰਘਦਾ ਹੈ ਉਹ ਸਫਲ ਹੋ ਜਾਂਦਾ ਹੈ, ਕਿਉਂ ਜੁ ਸਿਮਰਨ ਦੁਆਰਾ ਜੀਵ ਪ੍ਰਭੂ ਦੀ ਕਿਰਪਾ-ਦ੍ਰਿਸ਼ਟੀ ਦਾ ਪਾਤਰ ਬਣ ਜਾਂਦਾ ਹੈ।

4. ਪ੍ਰਸ਼ਨ :—ਤੁਖਾਰੀ ਛੰਤ ਵਾਲੇ 'ਬਾਰਹਮਾਹਾ' ਤੋਂ ਜੀਵ ਨੂੰ 'ਭਲਾ ਮੰਨਣ' ਅਥਵਾ 'ਭਲਾ ਆਖਣ' ਦੀ ਪ੍ਰੇਰਨਾ ਮਿਲਦੀ ਹੈ। ਵਿਚਲੀਆਂ ਸੰਬੰਧਤ ਤੁਕਾਂ ਰਾਹੀਂ ਪੁਸ਼ਟੀ ਕਰੋ।

ਉਤਰ :—ਤੁਖਾਰੀ ਛੰਤ ਵਾਲੇ ਬਾਰਹਮਾਹਾ ਵਿਚ 'ਭਲਾ' ਸ਼ਬਦ ਦੀ ਵਰਤੋਂ ਕਈ ਵਾਰੀ ਕੀਤੀ ਮਿਲਦੀ ਹੈ। ਭਾਵੇਂ ਭਠ-ਤਪਦਾ ਜੇਠ ਜਾਂ ਹਾੜ ਦਾ ਮਹੀਨਾ ਹੋਵੇ ਜਾਂ ਸੁਹਾਵਣਾ ਤੇ ਸੁਖਾਲਾ ਚੇਤ-ਵਿਸਾਖ ਹੋਵੇ, ਸਭ ਨੂੰ ਭਲਾ ਹੀ ਵਰਨਣ ਕੀਤਾ ਗਿਆ ਹੈ। ਜੇ ਸੁਖ ਨੂੰ ਭਲਾ ਕਿਹਾ ਹੈ ਤਾਂ ਦੁਖ ਨੂੰ ਵੀ ਭਲਾ ਹੀ ਮੰਨਿਆ ਹੈ, ਕਿਉਂ ਜੁ ਇਹ ਦੋਵੇਂ ਭਲਿਆਈ ਦੇ ਮੂਲ-ਸੋਮੇ ਪ੍ਰਭੂ ਵਲੋਂ ਦਿਤੇ ਗਏ ਹਨ। ਸੰਬੰਧਤ ਤੁਕਾਂ ਥਲੇ ਦਿਤੀਆਂ ਜਾਂਦੀਆਂ ਹਨ :—

(*i*) ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂ ਭਲਾ॥੧॥ (*ii*) ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ॥੫॥
(*iii*) ਵੈਸਾਖੁ ਭਲਾ ਸਾਖਾ ਵੇਸ ਕਰੇ ॥੬॥ (*vi*) ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥੭॥
(*v*) ਆਸਾੜੁ ਭਲਾ ਸੂਰਜੁ ਗਗਨਿ ਤਪੈ ॥੮॥
(*vi*) ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥੧੩॥
(*vii*) ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ ॥੧੭॥

੬. ਪ੍ਰਸ਼ਨ :—'ਬਾਰਹਮਾਹਾ' ਅਨੁਸਾਰ ਜੀਵ ਦੇ ਪ੍ਰਭੂ ਤੋਂ ਵਿਛੋੜੇ ਦਾ ਕੀ ਕਾਰਨ ਹੈ? ਪ੍ਰਭੂ-ਮਿਲਾਪ ਲਈ ਜੀਵ ਨੂੰ ਜੋ ਜੋ ਸਾਧਨ ਸੁਝਾਏ ਗਏ ਹਨ, ਉਹਨਾਂ ਵਿਚੋਂ ਪੰਜ ਸਾਧਨਾਂ ਦਾ ਵਰਨਣ ਕਰੋ।

ਉਤਰ :—(ੳ) 'ਬਾਰਹਮਾਹਾ' ਅਨੁਸਾਰ ਅਸਾਂ ਜੀਵਾਂ ਦਾ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਅਧੀਨ ਪ੍ਰਭੂ ਤੋਂ ਵਿਛੋੜਾ ਹੋਇਆ ਹੈ:—

(*i*) ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥੧॥ — ਮਾਝ
(*ii*) ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ॥੧॥ — ਤੁਖਾਰੀ

(ਅ) ਪ੍ਰਭੂ ਮਿਲਾਪ ਦੇ ਪੰਜ ਸਾਧਨ :—

(*i*) **ਸੁਰਤਿ ਸਬਦ ਦਾ ਮੇਲ**
ਨਾਨਕ ਵੈਸਾਖੀ ਪ੍ਰਭੁ ਭਾਵੈ ਸੁਰਤਿ ਸਬਦਿ ਮਨੁ ਮਾਨਾ ॥੬॥ — ਤੁਖਾਰੀ

(*ii*) **ਗੁਰੂ ਦੀ ਅਗਵਾਈ ਵਿਚ ਚਲਣਾ**
ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ ॥੧੦॥ — ਤੁਖਾਰੀ
ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥ — ਮਾਝ
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥੪॥ — ਮਾਝ

(*iii*) **ਪ੍ਰਭੂ ਦੀ ਸਿਫ਼ਤ ਸਲਾਹ ਦ੍ਰਿੜ੍ਹ ਕਰਕੇ ਧਾਰਨ ਕਰਨਾ**
ਸਾਜਨ ਸਹਜਿ ਮਿਲੇ ਗੁਣ ਗਹਿ ਅੰਕਿ ਸਮਾਨਿਆ ॥੧੫॥ — ਤੁਖਾਰੀ

(*iv*) **ਆਪਾ ਭਾਵ ਗਵਾਉਣਾ**—ਅਨਦਿਨੁ ਰਹਸੁ ਭਇਆ ਆਪੁ ਗਵਾਇਆ॥੧੬॥ ਤੁਖਾਰੀ
ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥੮॥ — ਮਾਝ

(*v*) **ਸਤ-ਪੁਰਸ਼ਾਂ ਦੀ ਸੰਗਤਿ ਕਰਨਾ**
ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥੧੩॥ — ਮਾਝ


www.AKJ.Org

ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥੮॥ ਮਾਝ

[ਨੋਟ :—ਪ੍ਰਭੂ-ਮਿਲਾਪ ਦੇ ਹੋਰ ਸਾਧਨਾ ਬਾਰੇ ਸੰਕੇਤ ਵੀ 'ਬਾਰਹਮਾਹਾ' ਵਿਚ ਮਿਲਦੇ ਹਨ, ਜਿਵੇਂ:— ਗੋਵਿੰਦੁ ਅਰਾਧੀਐ, ਮਨਿ ਹਰਿ ਚਰਣ ਨਿਵਾਸੁ, ਇਕੋ ਨਾਮੁ ਅਧਾਰੁ, ਰਾਮ ਨਾਮੁ ਉਰਿ ਹਾਰੁ, ਹੋਵੈ ਸਾਧ ਸੰਗੁ, ਮਨੁ ਬੇਧਿਆ ਚਰਣਾਰਬਿੰਦ, ਜੀਅ ਦਇਆ ਪਰਵਾਨੁ, ਪ੍ਰੇਮ ਭਗਤਿ, ਦੂਰਿ ਨ ਜਾਨਾ ਅੰਤਰਿ ਮਾਨਾ, ਪ੍ਰਭੁ ਭਾਵੈ, ਸੁਰਤਿ ਸਬਦਿ ਮਨੁ ਮਾਨਾ, ਗੁਰ ਸਬਦੀ ਰੰਗੁ ਮਾਣੀ, ਹਰਿ ਸਿਉ ਪ੍ਰੀਤਿ ਸਨੇਹੁ, ਤੀਰਥੁ ਅੰਤਰਿ ਜਾਨਿਆ, ਗੁਣ ਗਹਿ ਅਕਿ ਸਮਾਨਿਆ, ਆਦਿ]

੭. ਪ੍ਰਸ਼ਨ :—ਹੇਠ ਲਿਖੇ ਭਾਵ-ਅਰਥਾਂ ਵਾਲੀਆਂ ਪੰਗਤੀਆਂ ਦਸੋ :—

(*i*) ਪ੍ਰਭੂ ਦੇ ਨਾਮ ਤੋਂ ਬਗ਼ੈਰ ਹੋਰ ਸਭ ਕੁਝ ਅਗੇ ਖੋਹ ਲਿਆ ਜਾਵੇਗਾ ।

(*ii*) ਪ੍ਰਭੂ ਦੇ ਭਗਤਾਂ ਨੂੰ ਪ੍ਰੇਮਾ-ਭਗਤੀ ਪ੍ਰਾਪਤ ਹੋਣ ਦੀ ਤੁਫ਼ੈਲ, ਫਿਰ ਉਹ ਮਾਇਕੀ ਵਿਕਾਰਾਂ ਦੀ ਅੱਗ ਵਿਚ ਨਹੀਂ ਸੜਦੇ ।

(*iii*) ਜੋ ਜੀਵ ਪ੍ਰਭੂ ਨੇ ਆਪਣੇ ਬਣਾ ਲਏ, ਉਹ ਧੰਨਤਾ ਜੋਗ ਹੋ ਗਏ ।

(*iv*) ਪ੍ਰਭੂ ਤੋਂ ਬੇਮੁਖ ਹੋਇਆਂ ਜਨਮਾਂ ਜਨਮਾਂਤਰਾਂ ਦੇ ਵਿਛੋੜੇ ਪੈ ਜਾਂਦੇ ਹਨ ।

(*v*) ਜਿਹੜੀਆਂ ਜੀਵ-ਇਸਤ੍ਰੀਆਂ ਪ੍ਰਭੂ ਨੇ ਆਪਣੇ ਨਾਲ ਮਿਲਾ ਲਈਆਂ ਉਨ੍ਹਾਂ ਦੀ ਸੋਭਾ ਅਕਥ ਹੈ ?

ਉਤਰ :—(*i*) ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥੩॥ ਮਾਝ

(*ii*) ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥੧੪॥ ਮਾਝ

(*iii*) ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥੪॥ ਮਾਝ

(*iv*) ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥੯॥ ਮਾਝ

(*v*) ਤਿਨੑ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥੧੦॥ ਮਾਝ

੮. ਪ੍ਰਸ਼ਨ :—ਬਾਰਹਮਾਹਾ' ਵਿਚੋਂ ਗੁਰਬਾਣੀ ਦੀਆਂ ਪੰਗਤੀਆਂ ਰਾਹੀਂ ਦਸੋ :—

(*i*) (ਹਿਤੈਸ਼ੀ) ਮਿਤਰ ਸਜਣ ਸਭ ਜਮ-ਰੂਪ ਹੋ ਨਿਬੜਦੇ ਹਨ । ਕਦੋਂ ?

(*ii*) ਸਰੀਰ ਪਵਿਤਰ ਹੋ ਜਾਂਦਾ ਹੈ । ਕਦੋਂ ? (*iii*) ਕੁਲ ਜਹਾਨ ਉਸਤਤਿ ਕਰਦਾ ਹੈ । ਕਿਸ ਕਾਰਨ ?

(*iv*) ਮਹਾ ਰਸ ਪ੍ਰਾਪਤ ਹੋ ਗਿਆ ਤਾਂ ੬੮ ਤੀਰਥਾਂ ਦੇ ਇਸ਼ਨਾਨ ਦਾ ਫਲ ਪ੍ਰਾਪਤ ਹੋ ਗਿਆ । ਕਿਵੇਂ ?

(*v*) ਜ਼ਹਿਰ-ਰੂਪ ਮਾਇਆ ਨੇੜੇ ਨਹੀਂ ਫਟਕ ਸਕਦੀ । ਕਦੋਂ ?

ਉਤਰ :—(*i*) ਪ੍ਰਭ ਸੁਆਮੀ ਕੰਤ ਵਿਹੂਣੀਆ, ਮੀਤ ਸਜਣ ਸਭਿ ਜਾਮ ॥੧॥ ਮਾਝ

(*ii*) ਓਟ ਗਹੀ ਹਰਿ ਚਰਣ ਨਿਵਾਸੇ ਭਏ ਪਵਿਤ੍ਰ ਸਰੀਰਾ ॥੩॥ ਤੁਖਾਰੀ

(*iii*) ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥੧੨॥ ਮਾਝ

(*iv*) ਨਾਨਕ ਮਾਘਿ ਮਹਾ ਰਸੁ ਹਰਿ ਜਪਿ ਅਠਸਠਿ ਤੀਰਥ ਨਾਤਾ ॥੧੫॥ ਤੁਖਾਰੀ

(*v*) ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥੧੧॥ ਮਾਝ

੯. ਪ੍ਰਸ਼ਨ :—ਹੇਠ ਲਿਖੀਆਂ ਪੁਛਾਂ ਦੇ ਉਤਰ 'ਬਾਰਹ ਮਾਹਾ' ਵਿਚਲੀਆਂ ਸਗਵੀਆਂ ਪੰਗਤੀਆਂ ਰਾਹੀਂ ਦਿਓ :—

(*i*) ਨਿਰਮਲ ਸੋਭਾ ਕਿਸ ਦੀ ਹੁੰਦੀ ਹੈ ? (*ii*) ਅਜਿਹਾ ਧਨ ਦਸੋ ਜੋ ਚੁਰਾਇਆ ਨਹੀਂ ਜਾ ਸਕਦਾ ?

(*iii*) ਮਨੁਖ ਦੀ ਖੁਆਰੀ ਦਾ ਮੂਲ ਕਾਰਨ ਕੀ ਹੈ ? (*iv*) ਨਰਕ ਤੋਂ ਛੁਟਕਾਰਾ ਕਿਵੇਂ ਮਿਲੇ ?

(*v*) ਚਿੰਤਾ ਫ਼ਿਕਰ ਕਿਵੇਂ ਮਿਟੇ ?

ਉਤਰ :—(*i*) ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥੩॥ ਮਾਝ

(*ii*) ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥੪॥ ਮਾਝ

(*iii*) ਦੂਜੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥੫॥ ਮਾਝ


www.AKJ.Org

(*iv*) ਸੇ ਭਾਦੁਇ ਨਰਕ ਨ ਪਾਈਅਹਿ, ਗੁਰੁ ਰਖਣ ਵਾਲਾ ਹੇਤੁ ॥੭॥ ਮਾਝ

(*v*) ਕਤਕਿ ਹੋਵੈ ਸਾਧ ਸੰਗੁ ਬਿਨਸਹਿ ਸਭੇ ਸੋਚ ॥੯॥ ਮਾਝ

੧੦. ਪ੍ਰਸ਼ਨ :—'ਅਰਦਾਸ' ਦਾ ਅਰਥ ਕੀ ਹੈ ਅਤੇ ਸਿਖੀ ਵਿਚ ਇਸ ਦਾ ਕੀ ਮਹੱਤਵ ਹੈ ?

ਉਤਰ :- (ੳ) **ਅਰਥ** 'ਅਰਦਾਸ' ਫ਼ਾਰਸੀ ਦੇ ਦੋ ਸ਼ਬਦਾਂ (ਅਰਜ਼+ਦਾਸਤ) ਦੇ ਸੁਮੇਲ ਦਾ **ਸੰਖੇਪ ਰੂਪ ਹੈ** ਅਤੇ ਇਸ ਦਾ ਅਰਥ ਹੈ 'ਆਪਣੀ ਬੇਨਤੀ ਪੇਸ਼ ਕਰਨਾ' । ਅਰਦਾਸ ਰਾਹੀਂ **ਆਪਣੇ ਇਸ਼ਟ** ਸਤਿਗੁਰੂ, ਧਰਮ ਅਸਥਾਨਾਂ ਅਤੇ ਪੂਰਵੱਜ ਮਹਾ ਪੁਰਖਾਂ ਨੂੰ ਸਾਖੀ ਮੰਨ ਕੇ ਆਪਣੇ ਮਨ **ਦੀ** ਦਸ਼ਾ ਆਪਣੇ ਪਿਤਾ ਪਰਮੇਸ਼ਰ ਅਗੇ ਪ੍ਰਗਟ ਕੀਤੀ ਜਾਂਦੀ ਹੈ ।

(ਅ) **ਮਹੱਤਵ** ਸਿਖੀ ਵਿਚ ਅਰਦਾਸ ਜ਼ਾਤੀ (ਨਿਜੀ) ਵੀ ਹੈ ਅਤੇ ਜਮਾਤੀ (ਸਮੂਹਕ) ਵੀ । ਕੋਈ ਕਾਰਜ ਹੋਵੇ : ਨਿਜੀ ਜਾਂ ਸੰਗਤੀ, ਅਰਦਾਸ ਤੋਂ ਬਿਨਾ ਨਾ ਅਰੰਭ ਹੁੰਦਾ ਹੈ ਨਾ ਸਮਾਪਤ ।

ਸਿਖ ਆਪਣੀ ਮੰਗ ਦੀ ਪੂਰਤੀ ਲਈ ਅਰਦਾਸ ਕਰਦਾ ਹੈ । ਜਦੋਂ ਮੰਗ ਪੂਰੀ ਹੋ ਜਾਂਦੀ ਹੈ, ਫਿਰ ਸ਼ੁਕਰਾਨੇ ਦੀ ਅਰਦਾਸ ਕਰਦਾ ਹੈ । 'ਅਰਦਾਸ' ਹਰ ਹਾਲਤ ਵਿਚ ਸਿਖ ਦਾ ਆਪਣੇ ਕਰਤਾ ਪੁਰਖ ਨਾਲ ਸਿਧਾ ਸੰਬੰਧ ਸਥਾਪਤ ਕਰਦੀ ਹੈ ।

'ਅਰਦਾਸ' ਭਾਵੇਂ ਮਨ ਦਾ ਵਲਵਲਾ ਹੈ, ਜੋ ਕਿਸੇ ਲਫ਼ਜ਼ੀ ਬੰਦਸ਼ ਤੋਂ ਅਜ਼ਾਦ ਹੈ, ਪਰ 'ਸਿਖੀ ਅਰਦਾਸ' ਦਾ ਪੌਣਾ ਹਿਸਾ ਅਜਿਹਾ ਹੈ ਜੋ ਸਿਖ ਨੂੰ ਸਰਬੱਤ ਖਾਲਸੇ ਦੇ ਉਤਸ਼ਾਹ-ਦਾਇਕ ਕਾਰਨਾਮਿਆਂ ਨਾਲ ਜੋੜ ਕੇ ਸਰਬੱਤ ਖਾਲਸੇ ਦੀ ਚੜ੍ਹਦੀ ਕਲਾ ਲਈ ਕਾਮਨਾ ਕਰਨ ਦੀ ਪ੍ਰੇਰਨਾ ਦਿੰਦਾ ਹੈ ਅਤੇ ਉਸਦਾ ਆਪਣਾ ਨਿਸਚਿਤ ਸਰੂਪ ਹੈ ।

ਅੰਤ ਵਿਚ ਸਰਬੱਤ ਮਨੁਖਤਾ ਦੇ ਭਲੇ ਲਈ ਨਾਮ ਦੀ ਚੜ੍ਹਦੀ ਕਲਾ ਦੀ ਜਾਚਨਾ ਕਰ ਕੇ ਅਰਦਾਸ ਦੀ ਸਮਾਪਤੀ ਕਰ ਦਿਤੀ ਜਾਂਦੀ ਹੈ ।

੧੧. ਪ੍ਰਸ਼ਨ :—'ਸਿਖੀ ਅਰਦਾਸ' ਦੇ ਪ੍ਰਚਲਤ ਸਰੂਪ ਬਾਰੇ ਦਸੋ ।

ਉਤਰ :—'ਸਿਖੀ ਅਰਦਾਸ' ਦੇ ਪ੍ਰਚਲਤ ਸਰੂਪ ਦੇ ਹੇਠ ਲਿਖੇ ਤਿੰਨ ਮੂਲ-ਭਾਗ ਹਨ :—

(*i*) **ਅਰੰਭਕ ਭਾਗ**

ਚੰਡੀ ਦੀ ਵਾਰ ਦੇ ਮੰਗਲ, ਸਿਰਲੇਖ ਅਤੇ ਪਹਿਲੀ ਪਉੜੀ ["੧ੴ ਵਾਹਿਗੁਰੂ **ਜੀ ਕੀ** ਫਤਿਹ" ਤੋਂ ਲੈ ਕੇ "ਸਭ ਥਾਈਂ ਹੋਇ ਸਹਾਇ" ਤਕ] ਰਾਹੀਂ ਅਕਾਲ ਪੁਰਖ ਅਤੇ **ਪਹਿਲੀਆਂ** ਨੌਂ ਪਾਤਸ਼ਾਹੀਆਂ ਦਾ ਮੰਗਲ ।

(*ii*) **ਵਿਚਕਾਰਲਾ ਭਾਗ**

(ੳ) ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਦਸਾਂ ਪਾਤਸ਼ਾਹੀਆਂ ਦੇ ਪ੍ਰਤੱਖ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੰਗਲ ।

(ਅ) ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ,ਚਾਲੀ ਮੁਕਤਿਆਂ, ਨਾਮ ਜਪਣ ਵਾਲੇ, ਵੰਡ ਛਕਣ ਵਾਲੇ, ਦੇਗ ਚਲਾਉਣ ਵਾਲੇ, ਤੇਗ ਵਾਹੁਣ ਵਾਲੇ ਅਤੇ ਵੇਖ ਕੇ ਅਣਡਿਠ ਕਰਨ ਵਾਲੇ ਅਤੇ ਧਰਮ ਖ਼ਾਤਰ ਕੁਰਬਾਨੀ ਕਰਨ ਵਾਲੇ ਨਾਮ-ਰਸੀਆਂ,ਸੂਰਬੀਰ ਸ਼ਹੀਦਾਂ ਮੁਰੀਦਾਂ ਦੇ ਸਿਖੀ ਸਿਦਕ ਨੂੰ ਨਮਸਕਾਰ ।

(ੲ) ਪੰਜ ਤਖ਼ਤਾਂ, ਸਰਬੱਤ ਗੁਰਦੁਆਰਿਆਂ ਗੁਰਧਾਮਾਂ ਨੂੰ ਨਮਸਕਾਰ ।

(ਸ) ਸਰਬੱਤ ਖਾਲਸੇ ਦੀ ਜਥੇਬੰਦਕ ਚੜ੍ਹਦੀ ਕਲਾ, ਰਛਿਆ ਅਤੇ ਜਿੱਤ ਲਈ ਕਾਮਨਾ ।

(ਹ) ਚੌਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟਲ ਰਹਿਣ ਅਤੇ ਧਰਮ ਦੇ ਜੈਕਾਰ ਦੀ ਕਾਮਨਾ ।

(ਕ) ਖਾਸ ਸਮੇਂ ਜਾਂ ਅਸਥਾਨ ਨਾਲ ਸੰਬੰਧਤ ਨਿਜੀ ਜਾਂ ਸਾਂਝੀ ਕਾਮਨਾ ।

(*iii*) **ਅੰਤਲਾ ਭਾਗ**—ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ ॥



www.AKJ.Org

# ਸ੍ਰੀ ਗੁਰੂ ਅਮਰ ਦਾਸ ਜੀ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਸ਼ਖ਼ਸੀਅਤ ਏਨੀ ਮਹਾਨ ਹੈ ਕਿ ਆਪ ਜੀ ਦੇ ਸਰਬ ਗੁਣ ਵਰਨਣ ਕੀਤੇ ਜਾਣੇ ਅਸੰਭਵ ਹਨ।

ਪੰਜਾਬ ਦੇ ਭੱਟ, ਜੋ ਜਾਤਿ ਦੇ ਸਾਰਸੁਤ ਬ੍ਰਾਹਮਣ ਸਨ, ਤੇ ਬੜੇ ਵਿਦਵਾਨ ਤੇ ਅਧਿਆਤਮਕ ਖੋਜੀ ਸਨ, ਫਿਰਦੇ ਢੂੰਡਦੇ ਗੁਰੂ ਦਰਬਾਰ ਹਾਜ਼ਰ ਹੋਏ। ਗੁਰੂ ਦਰੋਂ ਗੁਰਦੀਖਿਅਤ ਹੋ ਕੇ ਸ਼ਬਦ ਦੀ ਘਾਲ-ਕਮਾਈ ਕੀਤੀ ਤੇ ਗੁਰੂ ਮੇਹਰ ਸਦਕਾ ਪ੍ਰਵਾਣ ਚੜ੍ਹੇ। ਉਹਨਾਂ ਦੀ ਬਾਣੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਕੀਤੀ।

ਭੱਟਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਪੰਜਾਂ ਹੀ ਸਤਿਗੁਰਾਂ ਦੀ ਕੀਰਤੀ ਕੀਤੀ। ਉਹਨਾਂ ਵਲੋਂ ਸ੍ਰੀ ਗੁਰੂ ਅਮਰ ਦਾਸ ਜੀ ਦੀ ਕੀਤੀ ਗਈ ਉਸਤਤੀ ਦੇ ਅਧਾਰ ਤੇ ਸਤਿਗੁਰੂ ਅਮਰ ਦਾਸ ਜੀ ਦਾ ਸ਼ਬਦੀ-ਚਿਤਰ ਪਾਠਕਾਂ ਦੀ ਸੇਵਾ ਵਿਚ ਪੇਸ਼ ਹੈ—

ਸ੍ਰੀ ਗੁਰੂ ਅਮਰ ਦਾਸ ਜੀ ਮਾਨੋ ਇਕ ਮੌਲਸਰੀ ਦਾ ਸ੍ਰੇਸ਼ਟ ਰੁਖ ਹਨ, ਜਿਸ ਦੀਆਂ ਸ਼ਾਖਾਂ ਖਿਲਰ ਕੇ ਜਗਤ ਵਿਚ ਰਸ-ਭਿੰਨੀ ਸੁਗੰਧੀ ਖਿਲਾਰ ਰਹੀਆਂ ਹਨ। ਆਪ ਜੀ ਮਾਨੋ ਸੂਰਜ ਹਨ। ਆਪ ਜੀ ਦੀਆਂ ਕੀਰਤੀ ਰੂਪ ਕਿਰਨਾਂ ਸੰਸਾਰ ਵਿਚ ਪਸਰ ਕੇ ਜੀਵਾਂ ਨੂੰ ਚਾਨਣਾ ਬਖਸ਼ ਰਹੀਆਂ ਹਨ। ਇਸ ਉਪਕਾਰ ਵਜੋਂ ਪੂਰਬ ਪੱਛਮ ਉੱਤਰ ਤੇ ਦੱਖਣ ਚਹੁੰਆਂ ਦਿਸ਼ਾਂ ਵਿਚ ਲੋਕੀ ਗੁਰੂ ਅਮਰਦਾਸ ਦੀ ਜੈ ਜੈ ਕਾਰ ਕਰ ਰਹੇ ਹਨ। (੧)

ਸ੍ਰੀ ਗੁਰੂ ਅਮਰ ਦਾਸ ਜੀ ਸੱਚ ਨੂੰ ਹਿਰਦੇ ਵਿਚ ਧਾਰਨ ਕਰਨ ਵਾਲੇ ਸੂਰਮੇ ਹਨ। ਮਿੱਠੇ ਤੇ ਸ਼ਾਂਤ ਸੁਭਾਉ ਕਰਕੇ ਬਲਵਾਨ ਹਨ। ਆਪ ਦੀਆਂ ਸੰਗਤਾਂ ਬਅੰਤ ਹਨ। ਆਪ ਜੀ ਗੰਭੀਰ ਮਤਿ ਦੇ ਸੁਆਮੀ ਹਨ ਤੇ ਨਿਰਵੈਰ ਹਰੀ ਵਿਚ ਹਰਦਮ ਲਿਵਲੀਨ ਰਹਿਣ ਵਾਲੇ ਨਿਰਵੈਰ ਸਤਿਗੁਰੂ ਜੀ ਹਨ। ਆਪ ਜੀ ਦਾ ਧੀਰਜ-ਰੂਪ ਝੰਡਾ, ਧੁਰ ਦਰਗਾਹੀ ਹੁਕਮ ਅਧੀਨ ਬੈਕੁੰਠ ਦੇ ਪੁਲ ਤੇ ਬਣਿਆ ਹੋਇਆ ਹੈ। (੭)

ਸ੍ਰੀ ਗੁਰੂ ਅਮਰ ਦਾਸ ਜੀ ਦੇ ਸੱਜੇ ਹੱਥ ਵਿਚ ਪਦਮ ਹੈ, ਸਿੱਧੀ ਆਪ ਜੀ ਦੇ ਦਰਸ਼ਨ ਪਰਸਨ ਲਈ ਸਦਾ ਸਨਮੁਖ ਖੜੀ ਹੈ। ਖੱਬੇ ਹੱਥ ਵਿਚ ਰਿੱਧੀ ਵਸਦੀ ਹੈ, ਜੋ ਤਿੰਨਾਂ ਹੀ ਲੋਕਾਂ ਦੇ ਮਨਾਂ ਨੂੰ ਮੋਹਣ ਵਾਲੀ ਹੈ।

ਆਪ ਦੇ ਹਿਰਦੇ ਵਿਚ ਅਕੱਥ ਹਰੀ ਦਾ ਨਿਵਾਸ ਹੈ ਤੇ ਹਰੀ ਦੇ ਪਿਆਰ ਵਿਚ ਰਤੇ ਹੋਏ ਆਪ ਮੁਖਾਰ-ਬਿੰਦ ਤੋਂ ਪ੍ਰਭੂ-ਭਗਤੀ ਉਚਾਰ ਰਹੇ ਹਨ। ਆਪ ਜੀ ਦੇ ਮਸਤਕ ਤੇ ਸੱਚੇ ਪ੍ਰਭੂ ਦੀ ਸੱਚੀ ਬਖਸ਼ਸ਼ ਦਾ ਨੀਸ਼ਾਨ ਸ਼ੋਭ ਰਿਹਾ ਹੈ। ਆਪ ਜੀ ਦੇ ਦੀਦਾਰ ਕੀਤਿਆਂ ਸਰਬ ਮਨੋ-ਕਾਮਨਾਵਾਂ ਸੁਤੇ ਹੀ ਪੂਰੀਆਂ ਹੋ ਜਾਂਦੀਆਂ ਹਨ। (੯)

ਪੈਰ ਉਹ ਸਕਾਰਥੇ ਹਨ ਜੋ ਸ੍ਰੀ ਗੁਰੂ ਅਮਰ ਦਾਸ ਜੀ ਦੇ ਰਾਹ ਤੇ ਤੁਰਦੇ ਹਨ। ਹੱਥ ਉਹ ਸਫਲੇ ਹਨ ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਚਰਨਾਂ ਤੇ ਲਗਦੇ ਹਨ। ਜੀਭ ਉਹ ਸਕਾਰਥੀ ਹੈ ਜੋ ਗੁਰੂ ਅਮਰਦਾਸ ਜੀ ਦੀ ਸਿਫ਼ਤ ਸਲਾਹ ਕਰਦੀ ਹੈ। ਨੇਤਰ ਉਹ ਸਫਲੇ ਹਨ ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਦਰਸ਼ਨ ਪਰਸਦੇ ਹਨ। ਕੰਨ ਉਹੀ ਸਫ਼ਲੇ ਹਨ ਜਿਨ੍ਹਾਂ ਦੁਆਰਾ ਸ੍ਰੀ ਗੁਰੂ ਅਮਰਦਾਸ ਜੀ ਦਾ ਜਸ ਸੁਣਿਆ ਜਾਵੇ। ਉਹ ਹਿਰਦਾ ਮੁਬਾਰਕ ਹੈ ਜਿਸ ਹਿਰਦੇ ਵਿਚ ਜਗਤ ਦਾ ਪਿਆਰਾ ਪਿਤਾ ਸ੍ਰੀ ਗੁਰੂ ਅਮਰਦਾਸ ਜੀ ਵਸਦਾ ਹੈ। ਸਿਰ ਉਹੀ ਸਫਲ ਹੈ ਜੋ ਸਿਰ ਸਦਾ ਸ੍ਰੀ ਗੁਰੂ ਅਮਰਦਾਸ ਜੀ ਅਗੇ ਨਮਸਕਾਰ ਕਰਦਾ ਹੈ। ਜਾਲਪ ਭਟ ਪੂਰੇ ਤਾਣ ਨਾਲ ਇਹ ਸੱਚਾਈ ਵਰਨਣ ਕਰਦਾ ਹੈ। (੧॥੧੦)

ਜਿਨ੍ਹਾਂ ਮਨੁਖਾਂ ਤੇ ਸ੍ਰੀ ਗੁਰੂ ਅਮਰਦਾਸ ਜੀ ਪ੍ਰਸੰਨ ਹੋ ਜਾਣ ਉਹ ਮਨੁੱਖ ਧਨ-ਧੰਨੇ ਹੋ ਜਾਂਦੇ ਹਨ, ਉਹਨਾਂ ਨੂੰ ਫਿਰ ਦੁਖ ਭੁਖ ਨਹੀਂ ਵਾਪਰਦੀ, ਉਹ ਕੰਗਾਲ ਨਹੀਂ ਰਹੇ ਜਾਂਦੇ, ਉਹਨਾਂ ਨੂੰ ਫਿਰ ਕੋਈ ਚਿੰਤਾ ਨਹੀਂ ਵਿਆਪਦੀ, ਉਹ ਵਿਸ਼ਾਲ ਤੇ ਅਥਾਹ ਹਿਰਦੇ ਵਾਲੇ ਹੋ ਜਾਂਦੇ ਹਨ। ਉਹ ਮਨੁਖ ਕਿਸੇ ਦੇ ਮੁਥਾਜ ਨਹੀਂ ਹੁੰਦੇ



www.AKJ.Org

ਸਗੋਂ ਦਾਤੇ ਬਣ ਜਾਂਦੇ ਹਨ, ਉਹ ਗਲੀਚਿਆਂ ਤੇ ਬੈਠ ਕੇ ਰਾਜ ਕਰਦੇ ਹਨ ਤੇ ਸ਼ਕਤੀ ਤੇ ਸਮਰੱਥਾ ਦੇ ਸੁਆਮੀ ਹੋ ਜਾਂਦੇ ਹਨ। ਉਹ ਮਨੁੱਖ ਸੰਸਾਰ ਵਿਚ ਸਦਾ ਸੁਖੀ ਰਹਿੰਦੇ ਹਨ ਤੇ ਵੈਰੀਆਂ ਵਿਚ ਨਿਰਭੈ ਹੋ ਕੇ ਵਿਚਰਦੇ ਹਨ। ਅਜਿਹਾ ਪ੍ਰਤਾਪ ਹੈ ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਸੰਨਤਾ ਦਾ। (੨॥੧੧)

ਹੇ ਸਤਿਗੁਰੂ ਅਮਰਦਾਸ ਜੀ! ਤੁਸਾਂ ਇਕ ਅਕਾਲ ਪੁਰਖ ਨੂੰ ਪੜ੍ਹਿਆ ਹੈ, ਇਕ ਨੂੰ ਹੀ ਪਛਾਣਿਆ ਹੈ ਅਤੇ ਮਨ ਵਿਚ ਉਸ ਇਕ ਨੂੰ ਹੀ ਟਿਕਾਇਆ ਹੈ। ਆਪ ਜੀ ਦੇ ਨੈਣਾਂ ਵਿਚ, ਬਚਨਾਂ ਵਿਚ ਤੇ ਆਪ ਜੀ ਦੀ ਰਸਨਾ ਉਤੇ ਇਕ ਅਕਾਲ ਪੁਰਖ ਹੀ ਅਕਾਲ ਪੁਰਖ ਹੈ। ਦੂਜੇ-ਪਨ ਨੂੰ ਆਪ ਜੀ ਨੇ ਹਿਰਦੇ ਵਿਚ ਥਾਂ ਨਹੀਂ ਦਿਤੀ। ਹੇ ਸਤਿਗੁਰੂ ਅਮਰਦਾਸ ਜੀ! ਆਪ ਜੀ ਸੌਂਦੇ ਹੋਏ ਤੇ ਜਾਗਦੇ ਹੋਏ, ਇਕ ਅਕਾਲ ਪੁਰਖ ਵਿਚ ਹੀ ਲੀਨ ਰਹਿੰਦੇ ਹੋ। ਤੁਸੀਂ ਉਸ ਅਦੁੱਤੀ ਪੁਰਖ ਨੂੰ ਹੀ ਮੰਨਦੇ ਤੇ ਵਖਿਆਨਦੇ ਹੋ ਤੇ ਸਦਾ ਉਸ ਦੀ ਹੀ ਯਾਚਨਾ ਕਰਦੇ ਹੋ ਜੋ ਇਕ ਤੋਂ ਵਿਸਤ੍ਰਿਤ ਹੋ ਕੇ ਲਖਾਂ ਵਿਚ ਹੀ ਹਲੂਲ ਹੋਇਆ ਪਿਆ ਹੈ ਤੇ ਲਖਾਂ (ਜੀਵਾਂ) ਦੀ ਸਮਝ ਤੋਂ ਵੀ ਪਰੇ ਹੈ। (੩॥੧੨)

ਸ੍ਰੀ ਗੁਰੂ ਅਮਰਦਾਸ ਜੀ ਅਕਾਲ ਪੁਰਖ ਦੇ ਪਿਆਰੇ ਭਗਤ ਹਨ, ਜਿਸ ਦੇ ਦੀਦਾਰ ਪਰਸਿਆਂ ਮਨੁਖ ਜੀਵਨ-ਮੁਕਤ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ। ਸ੍ਰੀ ਗੁਰੂ ਅਮਰ ਦਾਸ ਜੀ ਦੇ ਦੀਦਾਰ ਪਰਸਣ ਯੋਗ ਹਨ, ਜਿਨ੍ਹਾਂ ਲਈ ਸਿਧ ਸਾਧਕ ਤਰਸਦੇ ਹਨ। ਆਪ ਜੀ ਦੇ ਦਰਸ਼ਨ ਪਰਸਿਆਂ ਪ੍ਰਿਥਵੀ ਦੇ ਪਾਪ ਮਿਟ ਜਾਂਦੇ ਹਨ, ਸੁਰਤੀ ਪ੍ਰਭੂ ਵਿਚ ਜੁੜ ਜਾਂਦੀ ਹੈ ਤੇ ਮਨ ਦੀ ਭਟਕਣਾ ਮੁਕ ਜਾਂਦੀ ਹੈ। ਅਟੱਲ-ਪ੍ਰਭੂ ਮਿਲ ਪੈਂਦਾ ਹੈ ਤੇ ਜਨਮ ਮਰਨ ਦੇ ਗੇੜ ਮੁਕ ਜਾਂਦੇ ਹਨ। ਇਕ ਪ੍ਰਭੂ ਦੀ ਪਛਾਣ ਹੋ ਆਉਂਦੀ ਹੈ ਤੇ ਦੂਜਾ ਭਾਉ ਮਿਟ ਜਾਂਦਾ ਹੈ। ਏਨੇ ਪਦਾਰਥ ਸ੍ਰੀ ਗੁਰੂ ਅਮਰਦਾਸ ਜੀ ਦੇ ਦੀਦਾਰ ਪਰਸਿਆਂ ਪ੍ਰਾਪਤ ਹੁੰਦੇ ਹਨ। (੫॥੧੪) —ਜਾਲਪ ਜੀ

ਸ੍ਰੀ ਗੁਰੂ ਅਮਰ ਦਾਸ ਉਸ ਨਾਰਾਇਣ ਪ੍ਰਭੂ ਦਾ ਸਰੂਪ ਹੈ ਜਿਹੜਾ ਆਪਣੀ ਸਤਾ ਦੁਆਰਾ ਜਗਤ ਵਿਚ ਪਰਵਿਰਤ ਹੈ। ਨਿਰੰਕਾਰ ਨੇ ਅਕਾਰ ਰੂਪ ਹੋ ਕੇ ਜਗਤ ਵਿਚ (ਗੁਰੂ ਅਮਰਦਾਸ ਰੂਪੀ) ਜੋਤਿ ਪ੍ਰਗਟਾਈ ਹੈ ਤੇ ਇਸ ਜੋਤਿ ਦੀਵੇ ਰਾਹੀਂ ਸ਼ਬਦ ਨੂੰ ਉਜਾਗਰ ਕੀਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੁਲ ਵਿਚ ਸ੍ਰੀ ਗੁਰੂ ਅਮਰਦਾਸ ਜੀ ਦਾ ਨਿਰਮਲ ਅਵਤਾਰ ਹੋਇਆ ਹੈ। (੨॥੧੬)

ਭਲਿਆਂ ਦੀ ਕੁਲ ਦੇ ਸ਼੍ਰੋਮਣੀ, ਸ੍ਰੀ ਤੇਜ ਭਾਨ ਜੀ ਦੇ ਨੌਨਿਹਾਲ ਸ੍ਰੀ ਗੁਰੂ ਅਮਰ ਦਾਸ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਥਾਪਣਾ ਦੁਆਰਾ ਆਸੁਰੀ ਸੰਪਦਾ ਉਤੇ ਵਿਜੈ ਪ੍ਰਾਪਤ ਕੀਤੀ ਹੈ। ਇਸ ਧਰਮ-ਜੁੱਧ ਲਈ ਆਪ ਜੀ ਨੇ ਸਮਾਧੀ ਰੂਪ ਸੰਜੋਅ ਪਹਿਨੀ, ਗਿਆਨ-ਘੋੜੇ ਤੇ ਆਸਣ ਜਮਾਇਆ, ਧਰਮ-ਧਨੁਖ ਹੱਥਾਂ ਵਿਚ ਫੜ ਕੇ ਭਗਤਾਂ ਵਾਲੇ ਸੀਲ ਸੁਭਾ ਰੂਪ ਤੀਰਾਂ ਦੀ ਵਰਤੋਂ ਕੀਤੀ। ਨਿਰਭੈ ਪ੍ਰਭੂ ਦਾ ਭਉ ਧਾਰਨ ਕੀਤਿਆਂ— ਸ੍ਰੀ ਗੁਰੂ ਅਮਰਦਾਸ ਜੀ ਨਿਰਭਉ ਹੋ ਗਏ ਹਨ। ਆਪ ਜੀ ਨੇ ਅਟੱਲ ਹਰੀ ਨੂੰ ਮਨ ਵਿਚ ਦ੍ਰਿੜ੍ਹ ਕਰ ਕੇ ਟਿਕਾਅ ਲਿਆ ਹੈ। ਗੁਰ ਸ਼ਬਦ ਦੁਆਰਾ ਸੁਰਤੀ ਵਿਚ ਨੇਜ਼ਾ ਗਡਿਆ ਹੈ। ਆਪ ਜੀ ਨੇ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਆਦਿ ਪੰਜਾਂ ਵੈਰੀਆਂ ਦਾ ਪੂਰਨ ਤੌਰ ਤੇ ਨਾਸ ਕਰ ਦਿਤਾ ਹੈ। (੧॥੨੧) —ਸਲ ਜੀ

ਬਦਲ ਦੀਆਂ ਬੂੰਦਾਂ, ਧਰਤੀ ਦੀ ਬਨੱਸਪਤੀ, ਬਸੰਤ ਰੁਤ ਦੇ ਫੁੱਲ, ਸੂਰਜ ਦੀਆਂ ਕਿਰਨਾਂ, ਸਮੁੰਦਰ ਦੀ ਡੂੰਘਾਈ, ਗੰਗਾ ਦੀਆਂ ਲਹਿਰਾਂ, ਇਹਨਾਂ ਸਾਰਿਆਂ ਦੀ ਗਿਣਤੀ ਨਹੀਂ ਹੋ ਸਕਦੀ, ਅੰਤ ਨਹੀਂ ਪੈ ਸਕਦਾ। ਗਿਆਨ ਧਿਆਨ ਦੀ ਬਰਕਤ ਨਾਲ ਉਪ੍ਰੋਕਤ ਪਦਾਰਥਾਂ ਦੀ ਗਿਣਤੀ ਭਾਵੇਂ ਸੰਭਵ ਹੋ ਸਕੇ, ਪਰ ਹੇ ਸ੍ਰੀ ਅਮਰਦਾਸ ਜੀ! ਆਪ ਜੀ ਦੇ ਗੁਣ ਵਰਨਣ ਕੀਤੇ ਜਾਣ ਤੋਂ ਬਾਹਰ ਹਨ। ਆਪ ਜੀ ਦੀ ਸੋਭਾ ਦੀ ਹੋਰ ਮਿਸਾਲ ਨਹੀਂ। (੧॥੨੨) (ਭਲ ਜੀ)

**ਗੁਰਮੁਖਿ ਬੁਢੇ ਕਦੇ ਨਾਹੀ—**

ਸ੍ਰੀ ਗੁਰੂ ਅਮਰਦਾਸ ਜੀ ਦਾ ਸਰੀਰ ਭਾਵੇਂ ਕਾਫ਼ੀ ਬਿਰਧ ਹੋ ਗਿਆ ਸੀ ਅਤੇ ਆਪ ਜੀ ਦੀ ਉਮਰ



www.AKJ.Org

ਲੱਗ ਪੱਗ ਪਚਾਨਵੇਂ ਬਰਸਾਂ ਦੀ ਹੋ ਚੁੱਕੀ ਸੀ, ਪਰ ਅੰਦਰ ਸ਼ਬਦ-ਜੋਤਿ ਲਟ ਲਟ ਜਗ ਰਹੀ ਸੀ ਤੇ ਇਸ ਦੀ ਬਰਕਤ ਦੁਆਰਾ ਆਪ ਜੀ ਦੀ ਸੁਰਤੀ ਆਤਮ-ਰੰਗਾਂ ਦੇ ਚੜ੍ਹਾ ਵਿਚ ਨਵਲ-ਨਵੇਲ ਸੀ।

ਜਬ ਕੀ ਉਪਜੀ ਤਬ ਕੀ ਤੈਸੀ ਰੰਗੁਲ ਭਈ ਮਨਿ ਭਾਈ ॥੫॥ (ਪੰਨਾ ੧੨੩੨)

ਨਾਮ ਰਤੀ ਸੁਰਤੀ ਉਤੇ ਬੁਢੇਪੇ ਦਾ ਕਤਈ ਅਸਰ ਨਹੀਂ ਹੁੰਦਾ। ਨਾਮ ਵਿਚ ਲੀਨ ਰੱਖਣ ਨਾਲ ਸੁਰਤੀ ਸਦਾ ਖੇੜੇ ਤੇ ਵਿਗਾਸ ਵਿਚ ਰਹਿੰਦੀ ਹੈ। ਪ੍ਰੇਮ ਦੀ ਲਗਨ ਸਦਕਾ ਮਨੁੱਖ ਸਦਾ ਉਤਸ਼ਾਹ ਉਮਾਹ ਵਿਚ ਰਹਿੰਦਾ ਹੈ ਅਤੇ ਸਦਾ ਚੜ੍ਹਦੀ ਕਲਾ ਵਿਚ ਤੱਤਪਰ ਵਿਚਰਦਾ ਹੈ। ਭਾਵੇਂ ਸਰੀਰ ਬੁੱਢਾ ਹੋ ਕੇ ਜਰਜਰਾ ਹੀ ਕਿਉਂ ਨਾ ਹੋ ਜਾਵੇ, ਪ੍ਰੇਮ-ਲਗਨ ਤੇ ਉਤਸ਼ਾਹ ਉਮਾਹ ਵਿਚ ਘਾਟ ਨਹੀਂ ਵਾਪਰਦੀ।

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥ ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥੪॥

ਆਸਾ ਰਵਿਦਾਸ ਜੀ, ਪੰਨਾ ੪੮੬

ਬਲਵਾਨ ਸੁਰਤੀ ਦੇ ਸਿਰ ਸਦਕੇ ਹੀ ੭੨ ਸਾਲ ਦੀ ਉਮਰ ਵਿਚ ਸ੍ਰੀ ਅਮਰ ਦਾਸ ਜੀ ਨੇ ਆਪਣੇ ਇਸ਼ਟ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਦਿਨ ਰਾਤ ਇਕ ਕਰ ਕੇ ਅਤਿ ਕਰੜੀ ਘਾਲਣਾ ਘਾਲੀ। ਸੰਸਾਰ ਨੂੰ ਇਹ ਫ਼ਲਸਫ਼ਾ ਦ੍ਰਿੜ੍ਹ ਕਰਵਾਇਆ ਕਿ ਗੁਰੂ ਦੀ ਸ਼ਰਨ ਪੈਣ ਕਰਕੇ ਜਿਨ੍ਹਾਂ ਦੀ ਸੁਰਤੀ ਵਿਚ ਨਾਮ ਅਭਿਆਸ ਦੁਆਰਾ ਪ੍ਰਭੂ ਦਾ ਗਿਆਨ ਪ੍ਰਵੇਸ਼ ਕਰ ਗਿਆ ਹੋਵੇ, ਉਹ ਬੁਢੇ ਨਹੀਂ ਹੁੰਦੇ :–

ਗੁਰਮੁਖਿ ਬੁਢੇ ਕਦੇ ਨਾਹੀ ਜਿਨਾ ਅੰਤਰਿ ਸੁਰਤਿ ਗਿਆਨੁ ॥<br>
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥<br>
ਓਇ ਸਦਾ ਅਨਦ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ ॥<br>
ਤਿਨਾ ਨਦਰੀ ਇਕੋ ਆਇਆ ਸਭੁ ਆਤਮ ਰਾਮੁ ਪਛਾਨੁ ॥੪੪॥ (ਪੰਨਾ ੧੪੧੮)

ਇਹ ਇਕ ਰਹੱਸ ਹੈ ਜਿਸ ਨੂੰ ਮਾਦਾ-ਪ੍ਰਸਤ ਮਨੁੱਖ ਬਿਲਕੁਲ ਨਹੀਂ ਸਮਝ ਸਕਦੇ। ਉਹਨਾਂ ਦੇ ਭਾਣੇ ਸਰੀਰ ਹੀ ਸਭ ਕੁਝ ਹੁੰਦਾ ਹੈ ਤੇ ਉਹ ਸਦਾ ਦੇਹ-ਅਧਿਆਸ ਵਿਚ ਉਲਝੇ ਰਹਿੰਦੇ ਹਨ।

**ਗੁਰੁ ਜਾਇ ਹਰਿ ਪ੍ਰਭ ਪਾਸਿ ਜੀਉ–**

ਸਤਿਗੁਰੂ ਅਮਰਦਾਸ ਜੀ ਨੇ ਇਹ ਦੇਖ ਕੇ, ਕਿ ਅਕਾਲ ਪੁਰਖ ਵਾਹਿਗੁਰੂ ਵਲੋਂ ਸਦੀਵੀ ਮਿਲਾਪ ਦਾ ਸੱਦਾ ਆ ਗਿਆ ਹੈ ਤੇ ਪੰਜ-ਭੂਤਕ ਸਰੀਰ ਨੂੰ ਛੱਡ ਕੇ ਆਪਣੀ ਜੋਤੀ ਨੂੰ ਪਰਮ ਜੋਤੀ ਵਿਚ ਲੀਨ ਕਰਨ ਦਾ ਸੁਭਾਗ ਅਵਸਰ ਆ ਜੁੜਿਆ ਹੈ, ਆਪਣੇ ਸਿੱਖ ਪਰਵਾਰ ਨੂੰ ਬੁਲਾ ਭੇਜਿਆ ਅਤੇ ਆਪਣੇ ਸਚ-ਖੰਡ ਪਿਆਨੇ ਦਾ ਸੁਨੇਹਾ ਸੁਣਾਇਆ। ਸਾਰੇ ਸਨੇਹੀਆਂ ਵਿਚ ਇਸ ਨਾਲ ਸ਼ੋਕ ਦੀ ਲਹਿਰ ਦੌੜ ਜਾਣੀ ਸੁਭਾਵਕ ਗੱਲ ਸੀ। ਸਤਿਗੁਰਾਂ ਨੇ ਸਿੱਖਾਂ ਵਿਚ ਇਸ ਸੂਚਨਾ ਨਾਲ ਸ਼ੋਕ ਵਾਪਰ ਜਾਣਾ ਅਨੁਭਵ ਕਰਕੇ ਉਹਨਾਂ ਨੂੰ ਇਸ ਸੰਬੰਧੀ ਗੁਰਮਤਿ-ਉਪਦੇਸ਼ ਕੀਤਾ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਸਦ' ਦੇ ਸਿਰਲੇਖ ਥੱਲੇ ਬਾਬਾ ਸੁੰਦਰ ਜੀ ਦੇ ਨਾਮ ਹੇਠ ਰਾਮਕਲੀ ਰਾਗ ਵਿਚ ਅੰਕਤ ਹੈ। ਇਸ ਦਾ ਸਾਰੰਸ਼ ਇਸ ਪ੍ਰਕਾਰ ਹੈ :

੧. ਸਤਿਗੁਰੁ ਨੂੰ ਆਪਣੇ ਮਾਲਕ ਅਕਾਲ ਪੁਰਖ ਵਲੋਂ ਸਦੀਵੀ ਮਿਲਾਪ ਦਾ ਸੱਦਾ ਆ ਗਿਆ ਹੈ। ਅਕਾਲ ਪੁਰਖ ਦਾ ਇਹ ਭਾਣਾ ਗੁਰੂ ਨੂੰ ਪਿਆਰਾ ਲੱਗਾ ਹੈ। ਅਕਾਲ ਪੁਰਖ ਨੂੰ ਓਹੀ ਵਿਅਕਤੀ ਪਿਆਰਾ ਲਗਦਾ ਹੈ ਜਿਸ ਨੂੰ ਉਸ ਦਾ ਭਾਣਾ ਚੰਗਾ ਲਗੇ।

੨. ਅਕਾਲ ਪੁਰਖ ਨਾਲ ਸਦੀਵੀ ਮਿਲਾਪ ਸ਼ਬਦ ਦੁਆਰਾ ਹੁੰਦਾ ਹੈ, ਇਸ ਲਈ ਗੁਰੂ (ਅਮਰਦਾਸ ਜੀ) ਸ਼ਬਦ ਵਿਚ ਸਮਾ ਰਿਹਾ ਹੈ।

੩. ਸ਼ਬਦ ਦਾ ਸਦੀਵੀ ਮਿਲਾਪ ਹੀ ਪਰਮ ਪਦਵੀ ਦੀ ਪ੍ਰਾਪਤੀ ਹੈ, ਜੋ ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ ਦੀ ਕਿਰਪਾ ਦੁਆਰਾ ਮਿਲ ਰਹੀ ਹੈ।



www.AKJ.Org

੪. ਮੇਰੇ ਸਰੀਰ ਛੱਡਣ ਸਮੇਂ ਅਤੇ ਇਸ ਤੋਂ ਮਗਰੋਂ ਰੁਦਨ ਨਹੀਂ ਕਰਨਾ । ਜੋ ਅਜਿਹਾ ਕਰੇਗਾ ਉਹ ਮੇਰਾ ਪਿਆਰਾ ਨਹੀਂ, ਕਿਉਂਕਿ ਪੰਜ-ਭੂਤਕੀ ਸਰੀਰ ਤਾਂ ਹਰੇਕ ਨੇ ਹੀ ਛੱਡਣਾ ਹੈ । ਇਹ ਸਮਾ ਸਤਿਗੁਰੂ (ਗੁਰੂ ਅਮਰਦਾਸ ਦਾਸ ਜੀ) ਲਈ ਖੁਸ਼ੀ ਦਾ ਮੌਕਾ ਹੈ, ਕਿਉਂਕਿ ਵਾਹਿਗੁਰੂ ਜੀ ਉਨ੍ਹਾਂ ਨੂੰ ਆਪਣੇ ਗਲ ਵਿਚ ਮਿਲਾ ਕੇ ਸਦੀਵੀ ਮਿਲਾਪ ਬਖਸ਼ਣ ਲਗੇ ਹਨ । ਸੋ ਸਤਿਗੁਰੂ ਲਈ ਇਹ ਘੜੀ ਵਿਛੋੜੇ ਦੀ ਨਹੀਂ, ਮਿਲਾਪ ਦੀ ਹੈ ਅਤੇ ਇਸ ਤਰ੍ਹਾਂ ਇਹ ਖ਼ੁਸ਼ੀ ਦਾ ਅਵਸਰ ਹੈ । ਸੋ ਗੁਰੂ ਕੇ ਸਿੱਖਾਂ, ਪੁੱਤਰਾਂ ਨੂੰ ਵੀ ਇਸ ਸਮੇਂ ਖੁਸ਼ ਹੋਣਾ ਚਾਹੀਦਾ ਹੈ ।

੫. ਮੇਰੇ ਸਰੀਰ ਛੱਡਣ ਪਿਛੋਂ ਗੁਰਬਾਣੀ ਦਾ ਨਿਰਬਾਣ ਕੀਰਤਨ ਕਰਨਾ । ਕੇਸੋ ਗੋਪਾਲ (ਵਾਹਿਗੁਰੂ) ਦੇ ਪੰਡਿਤਾਂ (ਗੁਰਸਿਖਾਂ) ਨੂੰ ਸੱਦਾ ਦੇਣਾ ਕਿ ਉਹ ਹਰਿ ਹਰਿ ਕਥਾ ਪੜ੍ਹਨ, ਭਾਵ ਸਿਫਤ ਸਾਲਾਹ ਕਰਨ । ਅਜਿਹਾ ਕਰਨਾ ਤੱਤ ਗੁਰਮਤਿ ਹੈ । ਹੋਰ ਕਿਸੇ ਪੁਰਾਣ ਆਦਿ ਪੜ੍ਹਨ ਦੀ ਲੋੜ ਨਹੀਂ । ਸਾਧ ਸੰਗਤ ਹਰੀ ਦਾ ਪਾਵਨ ਸਰੋਵਰ ਹੈ, ਜਿਸ ਵਿਚ ਨਿਵਾਸ ਰਖਣ ਨਾਲ ,ਮਨੁੱਖ ਪਵਿੱਤਰ ਹੋ ਜਾਂਦਾ ਹੈ ਤੇ ਉਸ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ । ਉਸ ਲਈ ਦੀਵਾ ਕਰਨਾ, ਪਿੰਡ ਭਰਾਉਣੇ, ਕਿਰਿਆ ਕਰਨੀ, ਫੁੱਲ ਪ੍ਰਵਾਹੁਣੇ ਆਦਿ ਰਸਮਾਂ ਫ਼ਜ਼ੂਲ ਹੁੰਦੀਆਂ ਹਨ । ਸੋ ਸਾਧ ਸੰਗਤ ਵਿਚ ਇਕਾਗਰ ਮਨ ਨਾਲ ਨਾਮ ਸਿਮਰਨ ਦੁਆਰਾ, ਕੀਰਤਨ ਦੁਆਰਾ, ਹਰੀ ਦੀ ਪਿਆਰ ਨਾਲ ਸਿਫਤ ਸਾਲਾਹ ਕਰਨੀ ਮਾਨੋ ਇਕ ਸੁੰਦਰ ਬਬਾਣ ਹੈ, ਜੋ ਗੁਰੂ ਦੇ ਮਨ ਨੂੰ ਭਾਉਂਦਾ ਹੈ ।

ਸ੍ਰੀ ਗੁਰੂ ਅਮਰਦਾਸ ਜੀ ਨੇ ਸਰਬੱਤ ਸੰਗਤ ਪ੍ਰਤੀ ਬਚਨ ਕੀਤਾ ਕਿ ਉਹਨਾਂ ਦੀ ਥਾਵੇਂ ਹੁਣ ਸ੍ਰੀ ਰਾਮਦਾਸ (ਭਾਈ ਜੇਠਾ) ਜੀ ਸੰਗਤਾਂ ਦੀ ਅਗਵਾਈ ਕਰਨਗੇ ਤੇ ''ਪਾਰਬ੍ਰਹਮ ਦਾ ਪੰਥ ਕਰਨ'' ਦੀ ਧੁਰੋਂ ਸੌਂਪੀ ਜ਼ਿਮੇਵਾਰੀ ਨਿਭਾਉਣਗੇ । ਆਪਣੀ ਮੌਜੂਦਗੀ ਵਿਚ ਸ੍ਰੀ ਰਾਮਦਾਸ ਜੀ ਨੂੰ ਗੁਰ-ਗਦੀ ਤੇ ਬਿਰਾਜਮਾਨ ਕੀਤਾ ਤੇ ਆਪ ਉਹਨਾਂ ਦੀ ਪਰਕਰਮਾ ਕਰ ਕੇ ਮੱਥਾ ਟੇਕਿਆ । ਇਸ ਤੋਂ ਮਗਰੋਂ ਸਾਰੀ ਸੰਗਤ ਨੇ ਉਠ ਕੇ ਸ੍ਰੀ ਗੁਰੂ ਰਾਮਦਾਸ ਜੀ ਅਗੇ ਮੱਥਾ ਟੇਕਿਆ ।

ਸਤਿਗੁਰੂ ਪਰਤਖਿ ਹੋਦੈ ਬਹਿ ਰਾਜੁ ਆਪਿ ਟਿਕਾਇਆ ॥
ਸਭਿ ਸਿਖ ਬੰਧਪ ਪੁਤ ਭਾਈ ਰਾਮਦਾਸ ਪੈਰੀ ਪਾਇਆ ॥੪॥...
ਸਭ ਪਵੈ ਪੈਰੀ ਸਤਿਗੁਰੂ ਕੇਰੀ ਜਿਥੈ ਗੁਰੂ ਆਪੁ ਰਖਿਆ ॥
ਕੋਈ ਕਰਿ ਬਖੀਲੀ ਨਿਵੈ ਨਾਹੀ ਫਿਰਿ ਸਤਿਗੁਰੂ ਆਣਿ ਨਿਵਾਇਆ ॥੬॥੧॥

ਰਾਮਕਲੀ ਸਦ, ਪੰਨਾ ੯੨੩-੨੪

'ਸਦ' ਵਿਚੋਂ ਗੁਰੂ ਸਪੁਤਰ ਬਾਬਾ ਮੋਹਰੀ ਜੀ ਦੇ ਪਿਤਾ-ਗੁਰੂ ਦੇ ਹੁਕਮ ਦੀ ਪਾਲਣਾ ਕਰਨ ਦਾ ਪ੍ਰਮਾਣ ਮਿਲਦਾ ਹੈ :–

ਮੋਹਰੀ ਪੁਤੁ ਸਨਮੁਖੁ ਹੋਇਆ ਰਾਮਦਾਸੈ ਪੈਰੀ ਪਾਇ ਜੀਉ ॥

ਰਾਮਕਲੀ ਸਦ, ਪੰਨਾ ੯੨੪

ਨਿਰਬਾਣ ਕੀਰਤਨ ਅਰੰਭ ਹੋ ਗਿਆ । ਇਸ ਤਰ੍ਹਾਂ ਸਿਫਤ ਸਲਾਹ ਰੂਪੀ ਰੱਬੀ-ਰੰਗ ਦਾ ਬੇਬਾਣ ਤਿਆਰ ਹੋ ਗਿਆ । ਸਤਿਗੁਰੂ ਜੀ ਨੇ ਚਿੱਟੀ ਚਾਦਰ ਓਢ ਲਈ ਤੇ ਸ਼ਬਦ-ਸਮਾਧੀ ਵਿਚ ਲੀਨ ਹੋ ਗਏ :–

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥੪॥੨॥ ਬਿਲਾਵਲੁ ਮ: ੫, ਪੰਨਾ ੮੪੬

---


# 'ਸੂਰਾ' ਦੇ ਪ੍ਰੇਮੀ ਗੁਰਸਿਖ ਵੀਰੋ ਭੈਣੋ !

'ਸੂਰਾ' ਨੂੰ ਚੜ੍ਹਦੀ ਕਲਾ ਵਿਚ ਰਖਣ ਲਈ ਇਸ ਦੇ ਨਵੇਂ ਮੈਂਬਰ ਬਣਾਉਣ ਵਿਚ ਸਹਾਇਤਾ ਕਰੋ । ਦੋ ਦੋ ਨਵੇਂ ਮੈਂਬਰ ਬਣਾਉਣ ਦੀ ਸੇਵਾ ਨਿਭਾਓ ਜੀ ।

# ਗੁਰ ਮਿਲਿ ਚਜੁ ਅਚਾਰੁ ਸਿਖੁ

[ਪ੍ਰਿੰਸੀਪਲ ਕੁਲਦੀਪ ਸਿੰਘ ਜੀ ਹਉਰਾ, 162, ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ]

ਵਿਗਿਆਨ ਦੇ ਵਿਕਾਸ ਕਾਰਨ ਮਨੁੱਖ ਨੇ ਬਹੁਤ ਤਰੱਕੀ ਕਰ ਲਈ ਹੈ, ਪਰ ਇਸ ਦੇ ਬਾਵਜੂਦ ਵੀ ਮਨੁੱਖੀ ਜੀਵਨ ਉਤੇ ਇਕ ਸਹਿਮ ਜਿਹਾ ਛਾਇਆ ਹੋਇਆ ਹੈ। ਕਦੇ ਕਦੇ ਇਹ ਸਹਿਮ ਕਿਸੇ ਗੱਲ ਤੇ ਭਿਅੰਕਰ ਰੂਪ ਧਾਰਨ ਕਰ ਜਾਂਦਾ ਹੈ। ਇਸ ਤੋਂ ਚਿਤਾਵਨੀ ਮਿਲਦੀ ਹੈ ਕਿ ਮਨੁੱਖਤਾ ਦਾ ਭਵਿੱਖ ਸੰਦੇਹ-ਭਰਪੂਰ ਹੈ। ਆਖ਼ਰ ਇਹ ਸਭ ਕੁਝ ਕਿਉਂ ਹੈ ? ਇਸ ਲਈ ਕਿ ਅਸੀਂ ਸਦਾਚਾਰਕ ਕੀਮਤਾਂ ਛੱਡੀ ਚਲੇ ਜਾ ਰਹੇ ਹਾਂ, ਜਾਂ ਬਹੁਤ ਹੱਦ ਤਕ ਉਨ੍ਹਾਂ-ਵਲੋਂ ਮੂੰਹ ਫੇਰ ਬੈਠੇ ਹਾਂ। ਫਲਸਰੂਪ ਵਿਸ਼ਵਾਸ ਘੱਟ ਰਿਹਾ ਹੈ ਤੇ ਅਵਿਸ਼ਵਾਸ ਦੀ ਭਾਵਨਾ ਵੱਧ ਰਹੀ ਹੈ। ਇਖ਼ਲਾਕੀ ਕੀਮਤਾਂ ਡਿੱਗ ਰਹੀਆਂ ਹਨ। ਸਮੁੱਚੇ ਤੌਰ ਤੇ ਮਨੁੱਖਤਾ ਦਾ ਪਤਨ ਹੋ ਰਿਹਾ ਹੈ। ਇਹ ਬੜੀ ਗੰਭੀਰ ਸਮੱਸਿਆ ਹੈ। ਜੇ ਇਸ ਦਾ ਹਲ ਜਲਦੀ ਨਾ ਲੱਭਿਆ ਗਿਆ ਤਾਂ ਖ਼ਤਰਾ ਹੈ ਕਿ ਸਦੀਆਂ ਪੁਰਾਣਾ ਬਹੁਮੁੱਲਾ ਵਿਰਸਾ ਤਬਾਹ ਤੇ ਬਰਬਾਦ ਹੋ ਜਾਏਗਾ।

ਅਸਲ ਵਿਚ ਇਹ ਸਮੱਸਿਆ ਧਾਰਮਕ ਜੀਵਨ ਤੋਂ ਬੇਮੁੱਖ ਹੋਣ ਕਰਕੇ ਖੜੀ ਹੋਈ ਹੈ। ਧਰਮ ਜੀਵਨ ਦੀ ਬੁਨਿਆਦੀ ਲੋੜ ਹੈ। ਇਸ ਨੂੰ ਜੀਵਨ ਤੋਂ ਅੱਡ ਨਹੀਂ ਕੀਤਾ ਜਾ ਸਕਦਾ। ਧਰਮ ਹੀ ਮਨੁੱਖ ਨੂੰ ਸਹੀ ਜੀਵਨ-ਜਾਚ ਸਿਖਾਂਦਾ ਹੈ। ਸਭ ਧਰਮਾਂ ਨੇ ਮਨੁੱਖ ਨੂੰ ਆਦਰਸ਼ਕ ਜੀਵਨ ਜੀਣ ਦੀ ਪ੍ਰੇਰਨਾ ਦਿੱਤੀ ਹੈ, ਪਰ ਵਿਅਕਤੀਗਤ ਲਾਭ ਦੀ ਖਿੱਚ ਮਨੁੱਖ ਅੰਦਰ ਆਪ-ਹੁਦਰਾਪਨ ਪੈਦਾ ਕਰ ਦਿੰਦੀ ਹੈ, ਜਿਸ ਨਾਲ ਵਿਅਕਤੀ ਸਦਾਚਾਰ ਨੂੰ ਛੱਡ ਕੇ ਗ਼ਲਤ ਕੀਮਤਾਂ ਦਾ ਧਾਰਨੀ ਹੋ ਜਾਂਦਾ ਹੈ। ਇਸ ਲਈ ਧਰਮ ਦੀ ਮਹਾਨਤਾ ਤੋਂ ਮੁਖ ਮੋੜਨਾ ਹਾਨੀਕਾਰਕ ਅਣਗਹਿਲੀ ਹੈ। ਧਰਮ ਦੀ ਮਹਾਨਤਾ ਤੇ ਅਸਲੀਅਤ ਨੂੰ ਸਵੀਕਾਰ ਕਰਨਾ ਹੀ ਜੀਵਨ ਵਿਚ ਯਥਾਰਥ ਦ੍ਰਿਸ਼ਟੀ ਦਾ ਸੂਚਕ ਹੈ।

ਅੱਜ ਜੋ ਇਹ ਪ੍ਰਚਾਰ ਹੋ ਰਿਹਾ ਹੈ ਕਿ ਧਰਮ ਹਰ ਵਿਅਕਤੀ ਦੀ ਜ਼ਾਤੀ ਚੀਜ਼ ਹੈ, ਇਹ ਵਿਚਾਰ ਬੜਾ ਹਾਨੀਕਾਰਕ ਹੈ। ਇਸ ਵਿਚਾਰ ਦੇ ਅਧੀਨ ਹਰ ਕੋਈ ਕਹਿ ਸਕਦਾ ਹੈ ਕਿ ਮੈਂ ਘੱਟ ਤੋਲਾਂ ਜਾਂ ਚੀਜ਼ਾਂ ਵਿਚ ਰਲਾ ਪਾਵਾਂ ਤਾਂ ਇਹ ਮੇਰਾ ਨਿੱਜੀ ਕੰਮ ਹੈ, ਇਸ ਵਿਚ ਦੂਸਰੇ ਨੂੰ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ। ਇਸ ਲਈ ਧਰਮ ਦੀਆਂ ਪ੍ਰਵਾਨਤ ਜੀਵਨ ਕੀਮਤਾਂ ਨੂੰ ਵਿਅਕਤੀਗਤ ਨਹੀਂ, ਸਗੋਂ ਸਮੂਹਕ ਰੂਪ ਵਿਚ ਸਮੁੱਚੀ ਸਮਾਜਕ ਉਨਤੀ ਦੇ ਸੰਦਰਭ ਵਿਚ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਹੀ ਸਮਾਜਕ ਹਿੱਤਾਂ ਦੀ ਰਾਖੀ ਹੋ ਸਕਦੀ ਹੈ। ਆਪਣਾ ਕਰਤਵ ਨੇਕ-ਨੀਅਤੀ ਨਾਲ ਨਿਭਾਉਣਾ ਹੀ ਨੈਤਿਕਤਾ ਹੈ, ਸਦਾਚਾਰ ਹੈ। ਜੇਕਰ ਧਾਰਮਕ ਕਦਰਾਂ ਕੀਮਤਾਂ ਦੀ ਗ਼ਲਤ ਵਰਤੋਂ ਹੋਵੇਗੀ ਤਾਂ ਉਹ ਮਨੁੱਖਤਾ ਦੇ ਸਰਵਨਾਸ਼ ਦਾ ਕਾਰਨ ਵੀ ਬਣ ਸਕਦੀ ਹੈ।

ਗੁਰੂ ਨਾਨਕ ਸਾਹਿਬ ਦੇ ਕਥਨ ਅਨੁਸਾਰ 'ਨਿਮਰਤਾ' ਜਿੰਨੀ ਕੋਈ ਸੁਖਾਵੀਂ ਗੱਲ ਨਹੀਂ ਤੇ 'ਹਉਮੈ' ਵਰਗੀ ਦੁਖਦਾਈ ਹੋਰ ਕੋਈ ਵਸਤੂ ਨਹੀਂ। ਇਸੇ ਕਰਕੇ ਨਿਮਰ ਮਨੁੱਖ ਨੂੰ ਉਨ੍ਹਾਂ ਨੇ 'ਗਉਰਾ' ਤੇ ਹੰਕਾਰੀ ਨੂੰ 'ਰੋਗੀ' ਆਖਿਆ ਹੈ। ਉਨ੍ਹਾਂ ਦੇ ਬਚਨ ਹਨ :

...ਨਿਵੈ ਸੁ ਗਉਰਾ ਹੋਇ ॥੧॥੧੪॥ (੪੭੦)

ਤੇ — ਹਉਮੈ ਦੀਰਘ ਰੋਗੁ ਹੈ......॥੨॥੭॥ (੪੬੬)

ਜਿਸ ਕੌਮ ਦੇ ਜੀਵਨ ਵਿਚੋਂ ਸਹਿਨ-ਸ਼ੀਲਤਾ ਵਾਲੀ ਚੂਲ ਢਿੱਲੀ ਹੋ ਜਾਵੇ, ਉਸ ਕੌਮ ਦਾ ਆਚਾਰ ਕਮਜ਼ੋਰ, ਨਿਕਾਰਾ ਤੇ ਹੀਣਾ ਹੋ ਜਾਂਦਾ ਹੈ ਤੇ ਕੌਮ ਦੁਰਾਚਾਰ ਵੱਲ ਵਧਣ ਲਗਦੀ ਹੈ।

ਗੁਰੂ ਅਰਜਨ ਦੇਵ ਜੀ ਨੇ ਸੰਜੋਗਾਤਮਕ ਧਰਮ ਗ੍ਰੰਥ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਗਾ ਮਹਾਨ ਗ੍ਰੰਥ ਸੰਸਾਰ ਨੂੰ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੇ ਅਧਿਐਨ ਦੇ ਚਾਨਣ ਤੋਂ ਜਦੋਂ ਪੱਖਪਾਤੀ ਤੇ ਸੰਪਰਦਾਇਕ ਰੁਚੀਆਂ ਵਾਲਾ ਹਨੇਰਾ ਅਲੋਪ ਹੋ ਜਾਂਦਾ ਹੈ ਤਾਂ ਵਿਅਕਤੀ ਸੱਚ ਦੇ ਚਾਨਣ ਵਿਚ ਸਚਿਆਰ ਬਣ


www.AKJ.Org

ਜਾਂਦਾ ਹੈ। ਸਚਿਆਰ ਮਨੁੱਖ ਹੀ ਸਦਾਚਾਰੀ ਹੋ ਸਕਦਾ ਹੈ। ਸਦਾਚਾਰੀ ਦੇ ਲੱਛਣ ਸੱਚਾ ਹੋਣਾ ਤੇ ਫ਼ਰਜ਼ਾਂ ਦੀ ਪਹਿਚਾਣ ਕਰਨਾ ਹੈ। ਜੋ ਸੱਚ ਦਾ ਪੱਲਾ ਫੜ ਲੈਂਦਾ ਹੈ ਤੇ ਸੱਚ ਦੀ ਖ਼ਾਤਰ ਜਾਨ ਤਕ ਵਾਰ ਦੇਂਦਾ ਹੈ, ਉਹ ਮਨੁੱਖ ਹੀ ਆਚਾਰਵੰਤ ਹੈ।

ਗੁਰੂ ਨਾਨਕ ਸਾਹਿਬ ਦਾ ਬਚਨ ਹੈ–"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥* ਸਭ ਗੁਣਾਂ ਤੋਂ ਵੱਡਾ ਗੁਣ "ਸਚੁ ਆਚਾਰੁ" ਦਾ ਹੈ।

ਸਮੁੱਚੀ ਗੁਰਬਾਣੀ ਵਿਚ ਭੇਖ ਦਾ ਖੰਡਨ ਤਾਂ ਹੈ, ਪਰ ਕਿਸੇ ਧਰਮ ਦੀ ਆਲੋਚਨਾ ਨਹੀਂ। ਵਿਸ਼ਵ ਦੇ ਧਾਰਮਿਕ ਇਤਿਹਾਸ ਵਿਚ ਇਕ ਅਨੋਖਾ ਤੇ ਬੇ-ਮਿਸਾਲ ਤਜਰਬਾ ਹੈ ਕਿ ਸਮੁੱਚਾ ਭਾਈਚਾਰਾ, ਜੋ ਗੁਰਬਾਣੀ ਵਿਚ ਵਿਸ਼ਵਾਸ ਰੱਖਦਾ ਹੈ, ਬਿਨਾਂ ਕਿਸੇ ਪੱਖਪਾਤ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਮਲਿਤ ਬਾਣੀ–ਜੋ ਗੁਰੂ ਸਾਹਿਬਾਨ ਤੋਂ ਇਲਾਵਾ ਫਰੀਦ ਜੀ, ਰਾਮਾਨੰਦ ਜੀ, ਜੈਦੇਵ ਜੀ, ਕਬੀਰ ਜੀ, ਰਵਿਦਾਸ ਜੀ ਤੇ ਨਾਮਦੇਵ ਜੀ ਆਦਿ ਮਹਾਨ ਵਿਅਕਤੀਆਂ ਦੀ ਰਚਨਾ ਹੈ, ਨੂੰ ਬੜੇ ਸਤਿਕਾਰ ਤੇ ਪਿਆਰ ਨਾਲ ਮੱਥਾ ਟੇਕਦਾ ਹੈ। ਅਜਿਹਾ ਕਰਨ ਵਾਲਾ ਵਿਅਕਤੀ ਸਹੀ ਅਰਥਾਂ ਵਿਚ ਸਦਾਚਾਰੀ ਹੈ, ਕਿਉਂਕਿ ਉਸ ਦਾ ਵੈਰੀ ਕੋਈ ਨਹੀਂ, ਉਸ ਲਈ ਬੇਗਾਨਾ ਕੋਈ ਨਹੀਂ, ਉਸ ਦੀ ਤਾਂ ਸਮੁੱਚੀ ਮਨੁਖਤਾ ਨਾਲ ਸਾਂਝ ਹੈ। ਗੁਰੂ ਅਰਜਨ ਸਾਹਿਬ ਦਾ ਕਥਨ ਹੈ–

ਨਾ ਕੋ ਬੈਰੀ ਨਹੀ ਬਿਗਾਨਾ,
ਸਗਲ ਸੰਗਿ ਹਮ ਕਉ ਬਨਿ ਆਈ ॥੧॥੮॥ (ਪੰਨਾ ੧੨੯੯)

ਐਸਾ ਵਿਅਕਤੀ ਸਭ ਵਿਚ ਇਕ ਬ੍ਰਹਮ ਨੂੰ ਵੇਖਦਾ ਹੈ ਤੇ ਸਮੁੱਚੀ ਮਨੁੱਖਤਾ ਦਾ ਵਿਕਾਸ ਵੇਖ ਕੇ ਪ੍ਰਸੰਨ ਹੁੰਦਾ ਹੈ–

ਸਭ ਮਹਿ ਰਵਿ ਰਹਿਆ ਪ੍ਰਭ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥ (ਪੰਨਾ ੧੨੯੯)

ਇਹ ਲੱਛਣ ਸਦਾਚਾਰ ਵਾਲੇ ਵਿਅਕਤੀ ਦੇ ਹਨ। ਉਹ ਸਮਦਰਸੀ ਹੁੰਦਾ ਹੈ ਤੇ ਨਿਰਮਾਣ ਹੋ ਕੇ ਆਖਦਾ ਹੈ–

ਹਮ ਨਹੀ ਚੰਗੇ ਬੁਰਾ ਨਹੀ ਕੋਇ ॥੪॥੧॥੨॥ (ਪੰਨਾ ੭੨੮)

ਗੁਰਬਾਣੀ ਵਿਚ ਬੁਨਿਆਦੀ ਆਦਰਸ਼ਕ ਕਦਰਾਂ-ਕੀਮਤਾਂ ਦੀ ਹੋਂਦ ਨੂੰ ਪ੍ਰਵਾਨ ਕੀਤਾ ਗਿਆ ਹੈ। ਮੁਸਲਮਾਨ ਨੂੰ ਨੇਕ ਮੁਸਲਮਾਨ, ਹਿੰਦੂ ਨੂੰ ਚੰਗਾ ਹਿੰਦੂ, ਯੋਗੀ ਜਾਂ ਸੰਨਿਆਸੀ ਨੂੰ ਸੱਚਾ ਯੋਗੀ ਜਾਂ ਸੰਨਿਆਸੀ ਬਣਨ ਦੀ ਪ੍ਰੇਰਨਾ ਹੈ। ਹਰ ਧੰਦਾ ਕਰਨ ਵਾਲੇ ਨੂੰ ਨੇਕ ਧੰਦਾ ਕਰਨ, ਦਸਾਂ ਨਹੁੰਆਂ ਦੀ ਕਿਰਤ ਕਰਨ ਦੀ ਸਲਾਹ ਦਿੱਤੀ ਗਈ ਹੈ।

ਕਿਰਸਾਨ ਆਪਣੇ ਮਨ ਵਿਚ ਨਾਮ ਦਾ ਬੀਜ ਬੀਜ ਕੇ, ਸੰਤੋਖ ਦਾ ਸੁਹਾਗਾ ਫੇਰੇ ਤੇ ਗਰੀਬੀ ਵੇਸ ਧਾਰਨ ਕਰੇ, ਭਾਵ ਨਿਮ੍ਰਤਾ ਰੱਖੇ ਤਾਂ ਉਹ ਸਫਲ ਕਿਰਸਾਨ ਹੈ। ਹੱਟੀ ਕਰਨ ਵਾਲਾ ਹਟਵਾਣੀਆ ਸੱਚੇ ਨਾਮ ਦੀ ਕਿਰਤ ਕਰੇ। ਸੌਦਾਗਰ ਚੰਗਿਆਈਆਂ ਦਾ ਖ਼ਰਚਾ ਪੱਲੇ ਬੰਨ੍ਹੇ ਤੇ ਬਦੀਆਂ ਦਾ ਤਿਆਗ ਕਰੇ ਤਾਂ ਬਾਬਾ ਨਾਨਕ ਆਖਦੇ ਹਨ, ਫੇਰ ਸਭ ਕਾਰਜਾਂ ਵਿਚ 'ਚੜੈ ਚਵਗਣ ਵੰਨੁ'† ਵਾਲਾ ਨਤੀਜਾ ਹੁੰਦਾ ਹੈ। ਇਨ੍ਹਾਂ ਢੰਗਾਂ ਨੂੰ ਅਪਨਾਉਣ ਵਾਲਾ ਵਿਅਕਤੀ ਹੀ ਸਦਾਚਾਰਕ ਜੀਵਨ ਜੀਊਂਦਾ ਹੈ ਤੇ ਸਦਾਚਾਰੀ ਅਖਵਾਉਂਦਾ ਹੈ।

ਗੁਰਬਾਣੀ ਰਾਹੀਂ ਮਨੁੱਖ ਨੂੰ ਜੀਵਨ ਵਿਚ ਸਫਲ ਹੋਣ ਦਾ ਇਕ ਅਜਿਹਾ 'ਨੁਸਖ਼ਾ' ਦੱਸਿਆ ਗਿਆ ਹੈ, ਜਿਸ ਨੂੰ ਸਭ ਧਰਮਾਂ ਨੇ ਪਰਵਾਨ ਕੀਤਾ ਹੈ। ਉਹ ਨੁਸਖ਼ਾ 'ਸਤਿ ਨਾਮ' ਦਾ ਹੈ। ਉਹ ਨਾਮ ਜੋ ਸੱਚਾ ਹੈ। ਉਹ ਸਚਾਈ ਜੋ ਸਦੀਵੀ ਹੈ, ਜੋ ਅਟੱਲ ਹੈ, ਜੋ ਸਦਾ ਇਕ-ਰੰਗ ਰਹਿੰਦੀ ਹੈ। ਉਸ ਬਾਰੇ ਜਪੁ ਜੀ ਵਿਚ ਫੁਰਮਾਨ ਹੈ–

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ ॥ (ਜਪੁਜੀ, ਮੁਢਲਾ ਸਲੋਕ)

ਗੁਰੂ ਸਾਹਿਬ ਨੇ ਏਥੇ ਸੱਚੇ ਦੀ ਸਰੀਰਕ ਹੋਂਦ ਵੱਲ ਨਹੀਂ, ਸਗੋਂ ਸਚਾਈ ਦੇ ਵਿਚਾਰ ਵੱਲ ਸੰਕੇਤ ਕੀਤਾ ਹੈ। ਜਿਸ ਨੇ ਇਸ ਸਚਾਈ ਦੇ ਵਿਚਾਰ ਨੂੰ ਸਮਝ ਲਿਆ, ਉਹ ਸਚਿਆਰ ਹੋ ਗਿਆ। ਸਚਿਆਰ ਮਨੁਖ ਦਾ

*ਸਿਰੀਰਾਗੁ ਮ: ੧, ਪਦਾ ੫, ਪੰਨਾ ੬੨ †ਸੋਰਠਿ ਮ: ੧, ਪਦਾ ੪, ਪੰਨਾ ੫੯੬


www.AKJ.Org

ਆਚਾਰ ਸਦਾ ਹੀ ਨਮੂਨੇ ਦਾ ਹੁੰਦਾ ਹੈ, ਉਹ ਆਚਾਰ ਹੀ ਸਦਾਚਾਰ ਅਖਵਾਉਂਦਾ ਹੈ। ਉਸ ਵਿਅਕਤੀ ਦਾ ਆਚਰਣ ਪਹਾੜ ਵਾਂਗ ਮਜ਼ਬੂਤ ਹੁੰਦਾ ਹੈ, ਜਿਸ ਨੂੰ ਸੰਸਾਰਕ ਲੋਭ ਲਾਲਚ ਜਾਂ ਸਰੀਰਕ ਦੁਖ ਤਕਲੀਫਾਂ ਡੋਗ ਨਹੀਂ ਸਕਦੇ। ਉਹ "ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ"* ਵਾਂਗ ਸਦਾਚਾਰ ਦੇ ਆਸਰੇ ਅਹਿਲ ਤੇ ਅਡੋਲ ਰਹਿੰਦਾ ਹੈ। ਉਹ ਦੁਖ ਵਿਚ ਦੁਖੀ ਨਹੀਂ ਹੁੰਦਾ ਤੇ ਸੁਖਾਂ ਭੋਗਾਂ ਵਿਚ ਵਾਹਿਗੁਰੂ ਦੀ ਹੋਂਦ ਨੂੰ ਨਹੀਂ ਭੁਲਦਾ, ਸਗੋਂ ਹਰ ਹਾਲਤ ਵਿਚ ਇਕ ਸਮਾਨ ਰਹਿੰਦਾ ਹੈ। ਉਸ ਅੱਗੇ ਪਰਾਇਆ ਸੋਨਾ, ਮਿਟੀ ਸਮਾਨ ਹੁੰਦਾ ਹੈ। ਉਹ ਇਸ ਕਥਨ ਦਾ ਧਾਰਨੀ ਹੁੰਦਾ ਹੈ :

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥੧॥ ਰਹਾਉ॥੧੭॥ (ਪੰਨਾ ੬੩੩)

ਉਸ ਨੂੰ ਨਿੰਦਾ ਉਸਤਤਿ, ਮਾਨ ਅਪਮਾਨ ਦੀ ਪ੍ਰਵਾਹ ਨਹੀਂ ਹੁੰਦੀ। ਉਸ ਵਾਸਤੇ ਰਾਜ-ਸਿੰਘਾਸਨ ਤੇ ਗੜੀ-ਗੋਦੜੀ ਇਕ ਸਮਾਨ ਹੁੰਦੀ ਹੈ। ਉਹ ਮਿਲੇ ਅਧਿਕਾਰਾਂ ਦੀ ਦੁਰਵਰਤੋਂ ਨਹੀਂ ਕਰਦਾ, ਸਗੋਂ ਸੇਵਾ ਸਮਝ ਕੇ ਆਪਣਾ ਫਰਜ਼ ਨਿਭਾਉਂਦਾ ਹੈ। ਉਹ ਆਚਰਣ ਦੀ ਸਿਖਰ ਤੇ ਪੁਜਿਆ ਹੋਇਆ ਰਜ਼ਾ ਵਿਚ ਰਾਜ਼ੀ ਰਹਿੰਦਾ ਹੈ ਤੇ ਸ਼ੁਕਰਾਨੇ ਵਜੋਂ ਕਹਿੰਦਾ ਹੈ :

ਜੌ ਰਾਜੁ ਦੇਹਿ ਤ ਕਵਨ ਬਡਾਈ ॥
ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ ॥੧॥੧॥ (ਗੂਜਰੀ ਨਾਮਦੇਵ ਜੀ, ੫੨੮)

ਉਹ ਆਚਰਣ ਦੀ ਉਚੱਤਾ ਕਾਰਨ ਹਰ ਹਾਲਤ ਵਿਚ ਪ੍ਰਸੰਨ-ਚਿੱਤ ਰਹਿੰਦਾ ਹੈ। ਗੁਰੂ ਕਥਨ ਹੈ :

ਕਰਿ ਆਚਾਰੁ ਸਚੁ ਸੁਖੁ ਹੋਈ ॥੧੫॥ (ਰਾਮਕਲੀ ਮ: ੧ ਦਖਣੀ ਓਅੰਕਾਰੁ, ੯੩੧)

ਪਰ ਸੱਚਾ ਆਚਾਰ-ਬਿਉਹਾਰ ਸਿਖਣ ਵਾਸਤੇ, ਸਦਾਚਾਰੀ ਬਣੇਨ ਵਾਸਤੇ ਮਨੁੱਖ ਨੂੰ ਗੁਰੂ ਦੀ ਸ਼ਰਨ ਵਿੱਚ ਜਾ ਕੇ ਨਾਮ ਦੀ ਦਾਤਿ ਪ੍ਰਾਪਤ ਕਰਨੀ ਪੈਂਦੀ ਹੈ। ਨਾਮ ਹੀ ਮਨੁੱਖੀ ਸ਼ਖਸੀਅਤ ਵਿੱਚ ਸਦਾਚਾਰਕ ਗੁਣ ਪੈਦਾ ਕਰਦਾ ਹੈ। ਜਦੋਂ ਸਦਾਚਾਰਕ ਗੁਣ ਮਨੁੱਖੀ ਹਿਰਦੇ ਵਿਚ ਪ੍ਰਵੇਸ਼ ਕਰ ਜਾਂਦੇ ਹਨ ਤਾਂ ਮਨੁੱਖ ਵੱਡੀਆਂ ਵੱਡੀਆਂ ਔਕੜਾਂ ਨੂੰ ਮਹਿਸੂਸ ਹੀ ਨਹੀਂ ਕਰਦਾ। ਉਸ ਨੂੰ ਦੁਨਿਆਵੀ ਪਦਾਰਥ ਲੁਭਾਇਮਾਨ ਨਹੀਂ ਕਰਦੇ। ਪਰ ਇਨ੍ਹਾਂ ਗੁਣਾਂ ਨੂੰ ਪ੍ਰਾਪਤ ਕਰਨ ਲਈ ਵਿਅਕਤੀ ਨੂੰ ਗੁਰੂ ਦੀ ਸ਼ਰਨ ਵਿਚ ਜਾਣ ਦੀ ਲੋੜ ਹੈ। ਗੁਰੂ ਕਥਨ ਹੈ :

ਗੁਰ ਮਿਲਿ ਚਜੁ ਆਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ ॥੩॥੯੩॥ (ਪੰਨਾ ੫੦)

*ਸਤੇ ਬਲਵੰਡ ਦੀ ਵਾਰ, ਪਉੜੀ ੬, ਪੰਨਾ ੯੬੮

---

ਲਾਈਨ ਯਾਦ ਰਹਿ ਗਈ ਸੀ :— [੩੦ ਸਫ਼ੇ ਦੀ ਬਾਕੀ]

ਆਇ ਮਿਲੁ ਗੁਰਸਿਖ, ਆਇ ਮਿਲੁ, ਤੂ ਮੇਰੇ ਗੁਰੂ ਕੇ ਪਿਆਰੇ ॥ਰਹਾਉ॥ [ਤਿਲੰਗ ਮ: ੪, ਪੰ: ੭੨੫]

ਕਰਨਲ ਸਾਹਿਬ ਕਹਿਣ ਲਗੇ, ਸੱਚੇ ਪਾਤਸ਼ਾਹ ਨੇ ਤੁਹਾਨੂੰ ਅੱਜ ਸਵੇਰੇ ਦੀ ਪਰੇਡ ਵਿਚ ਜੀ-ਆਇਆਂ ਆਖਿਆ ਹੈ। ਮੇਰੇ ਅੰਦਰ ਉਸ ਦਿਨ ਤੋਂ ਇਹ ਦ੍ਰਿੜ੍ਹ ਹੋ ਗਿਆ ਕਿ ਸਤਿਗੁਰੂ ਜੀ ਨੇ ਅਪਾਰ ਕਿਰਪਾ ਕਰਕੇ ਆਪਣੇ ਗੁਰਮੁਖ ਪਿਆਰਿਆਂ ਦੀ ਸੰਗਤ ਬਖਸ਼ੀ ਹੈ। ਨਹੀਂ ਤਾਂ—

ਹਮ ਰੁਲਤੇ ਫਿਰਤੇ, ਕੋਈ ਬਾਤ ਨ ਪੂਛਤਾ, ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥੪॥੫੯॥
[ਗਉੜੀ ਬੈ. ਮ: ੪, ਪੰ. ੧੬੭]

ਇਹ ਸੁਭਾਗਾ ਦਿਨ ਮੇਰੇ ਜੀਵਨ ਵਿਚ ਉਹ ਮੋੜ ਸੀ ਜਿਸ ਦਿਨ ਮੈਂ ਗੁਰੂ ਘਰ ਵਲ ਖਿਚਿਆ ਗਿਆ ਅਤੇ ਸਤਿਗੁਰੂ ਦੀ ਰਹਿਮਤ ਸਦਕਾ ਉਸ ਦੇ ਟਹਿਲੀਏ ਹੋਣ ਦਾ ਮਾਣ ਬਖਸ਼ਸ਼ ਹੋਇਆ। ਇਹੋ ਅਰਦਾਸ ਹੈ ਕਿ ਇਹ ਸਿੱਦਕ ਕੇਸਾਂ ਸੁਆਸਾਂ ਸੰਗ ਨਿਭੇ।

ਪੁਰਾਤਨ ਗੁਰਸਿੱਖ ਇਉਂ ਭੁਲਿਆਂ ਭਟਕਿਆਂ ਨੂੰ ਗੁਰੂ-ਚਰਨਾਂ ਨਾਲ ਜੋੜਦੇ ਸਨ।

# ਸੋਈ ਗੁਰਮੁਖਿ ਪਿਆਰੇ ਮੇਲਿ (੨)

[ਪ੍ਰੋ: ਗੁਰਮੁਖ ਸਿੰਘ ਜੀ, ਪਟਿਆਲਾ]

ਕਰਨਲ ਪਿਆਰਾ ਸਿੰਘ ਜੈਪੁਰ ਨਿਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਪਹਿਲੀ ਵਾਰ ਉਦੋਂ ਸੰਪਰਕ ਵਿਚ ਆਏ ਜਦੋਂ ਆਪ ਦਸੰਬਰ ੧੯੧੦ ਦੇ ਫਤਹਗੜ੍ਹ ਸਾਹਿਬ ਦੇ ਛੋਟੇ ਸਾਹਿਬਜ਼ਾਦਿਆਂ ਦੇ ਜੋੜ ਮੇਲੇ ਵਿਚ ਸ਼ਾਮਲ ਹੋਣ ਲਈ ਗਏ। ਉਸ ਵਕਤ ਆਪ ਅੰਬਾਲਾ ਛਾਉਣੀ ਵਿਖੇ ਸ਼ਾਇਦ ਹਵਾਲਦਾਰ ਸਨ। ਓਦੋਂ ਇਸੇ ਯੂਨਿਟ ਵਿਚ ਸ੍ਰੀ ਬਾਬੂ ਮੱਲ ਸਿੰਘ ਜੀ ਭੀ ਕਲਰਕ ਦੀ ਪੋਸਟ ਤੇ ਕੰਮ ਕਰਦੇ ਹੁੰਦੇ ਸਨ।

ਇਸ ਜੋੜ-ਮੇਲੇ ਤੇ ਇਕ ਪਤਿਤ-ਕਰਮੀ ਰਾਗੀ ਜੱਥਾ ਦੀਵਾਨ ਵਿਚ ਕੀਰਤਨ ਕਰ ਰਿਹਾ ਸੀ। ਬਾਵਜੂਦ ਭਾਈ ਸਾਹਿਬ ਵਲੋਂ ਪ੍ਰਬੰਧਕਾਂ ਨੂੰ ਬੇਨਤੀ ਕਰਨ ਦੇ ਕਿ ਇਹ ਜੱਥਾ ਬਦਨਾਮ ਹੋ ਚੁਕਾ ਹੈ, ਇਸ ਤੋਂ ਇਸ ਪਵਿਤਰ ਅਸਥਾਨ ਤੇ ਕੀਰਤਨ ਨ ਕਰਵਾਇਆ ਜਾਏ, ਫਿਰ ਭੀ ਇਸ ਜੱਥੇ ਨੂੰ ਕੀਰਤਨ ਕਰਨ ਦੀ ਖੁਲ੍ਹ ਦੇ ਦਿਤੀ ਗਈ। ਉਦੋਂ ਸ਼੍ਰੋਮਣੀ ਕਮੇਟੀ ਅਜੇ ਕਾਇਮ ਨਹੀਂ ਸੀ ਹੋਈ।

ਕਰਨਲ ਸਾਹਿਬ ਦਸਦੇ ਸਨ, ਜਦੋਂ ਉਹਨਾਂ ਭਾਈ ਸਾਹਿਬ ਦੇ ਦਰਸ਼ਨ ਕੀਤੇ ਤਾਂ ਆਪ ਅਰਦਾਸ ਕਰ ਰਹੇ ਸਨ, "ਹੇ ਕਲਗੀਆਂ ਵਾਲੇ ਪਾਤਸ਼ਾਹ! ਆਪਣੇ ਦਾਸ ਨੂੰ ਬਲ ਬਖਸ਼ੋ ਕਿ ਇਸ ਕੁਕਰਮੀ ਰਾਗੀ ਜੱਥੇ ਦਾ ਕੀਰਤਨ ਬੰਦ ਕਰ ਸਕਾਂ।" ਕਰਨਲ ਸਾਹਿਬ ਆਪਣੇ ਕੁਝ ਸਾਥੀਆਂ ਸਮੇਤ ਦੀਵਾਨ-ਅਸਥਾਨ ਵਿਚ ਖਿੰਡ ਕੇ ਬੈਠ ਗਏ। ਜਦੋਂ ਭਾਈ ਸਾਹਿਬ ਨੇ ਆ ਕੇ ਉਚੀ ਉਚੀ ਕੜੇ ਖੜਕਾਅ ਕੇ ਕੀਰਤਨ ਕਰਨਾ ਅਰੰਭਿਆ ਤਾਂ ਪ੍ਰਬੰਧਕਾਂ ਨੇ ਭਾਈ ਸਾਹਿਬ ਨੂੰ ਰੋਕਣ ਦਾ ਜਤਨ ਕਰਨਾ ਹੀ ਸੀ, ਉਦੋਂ ਕਰਨਲ ਪਿਆਰਾ ਸਿੰਘ ਨੇ ਆਪਣੇ ਸਾਥੀਆਂ ਸਮੇਤ ਚਾਰ ਚੁਫੇਰਿਓਂ ਆਵਾਜ਼ਾਂ ਦਿਤੀਆਂ ਕਿ ਭਾਈ ਸਾਹਿਬ ਨੂੰ ਪੁਛਿਆ ਜਾਏ, ਉਹਨਾਂ ਨੂੰ ਕੀ ਸ਼ਿਕਾਇਤ ਹੈ? ਫਿਰ ਸਾਰੀ ਸੰਗਤ ਨੇ ਭੀ ਹੁੰਗਾਰਾ ਭਰਿਆ ਕਿ ਭਾਈ ਸਾਹਿਬ ਤੋਂ ਕਾਰਨ ਪੁਛੋ, ਉਹ ਰਾਗੀ ਸਿੰਘਾਂ ਨੂੰ ਕੀਰਤਨ ਕਿਉਂ ਨਹੀਂ ਕਰਨ ਦਿੰਦੇ? ਉਹ ਕੀਰਤਨ ਵਿਚ ਕਿਉਂ ਬਾਧਾ ਪਾ ਰਹੇ ਹਨ?

ਪੁਛਣ ਤੇ ਭਾਈ ਸਾਹਿਬ ਨੇ ਬੜੀ ਹਲੀਮੀ ਵਿਚ, ਪਰ ਪੂਰੇ ਜੋਸ਼ ਨਾਲ ਕੜਕਵੀਂ ਆਵਾਜ਼ ਵਿਚ ਸੰਗਤ ਨੂੰ ਸੰਬੋਧਨ ਕਰਕੇ ਦਸਿਆ ਕਿ ਇਹ ਰਾਗੀ ਸਿੰਘ ਕਿਵੇਂ ਪਤਿਤ ਕਰਮ ਕਰਦੇ ਫਿਰਦੇ ਹਨ, ਇਹਨਾਂ ਨੂੰ ਹਰਗਿਜ਼ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਸਜੇ ਦੀਵਾਨਾਂ ਵਿਚ ਕੀਰਤਨ ਕਰਨ ਦੀ ਆਗਿਆ ਨਹੀਂ ਦੇਣੀ ਚਾਹੀਦੀ। ਰਾਗੀ ਜੱਥਾ ਨੀਵੀਂ ਪਾ ਕੇ ਸਭ ਕੁਝ ਸੁਣਦਾ ਰਿਹਾ। ਅੰਤ ਨੂੰ ਆਪਣੇ ਸਾਜ ਵਾਜੇ ਠੱਪ ਕੇ, ਉਥੋਂ ਚਲਦੇ ਬਣੇ। ਬਾਅਦ ਵਿਚ ਕੀਰਤਨ ਦੀ ਸੇਵਾ ਭਾਈ ਸਾਹਿਬ ਨੇ ਨਿਭਾਈ।

ਅਕਤੂਬਰ ੧੯੫੩ ਦੇ ਦੁਸਹਿਰੇ ਦੇ ਕੀਰਤਨ-ਸਮਾਗਮ ਤੋਂ ਮਗਰੋਂ ਕਰਨਲ ਪਿਆਰਾ ਸਿੰਘ ਜੀ ਨੇ ਦਾਸ ਦੀ ਭਾਈ ਸਾਹਿਬ ਜੀ ਨਾਲ ਜਾਣ-ਪਛਾਣ ਕਰਾਈ। ਉਦੋਂ ਕਰਨਲ ਸਾਹਿਬ ਨੇ ਆਪਣੀ ਇਸ ਪਹਿਲੀ ਮਿਲਣੀ ਦਾ ਜਦੋਂ ਜ਼ਿਕਰ ਕੀਤਾ ਤਾਂ ਭਾਈ ਸਾਹਿਬ ਨੇ ਕਿਹਾ, "ਅਰਦਾਸੇ ਤੋਂ ਮਗਰੋਂ ਜਦੋਂ ਅਸੀਂ ਜੈਕਾਰਾ ਗਜਾਇਆ ਤਾਂ ਉਸਦੇ ਉਤਰ ਵਿਚ ਬੇਅੰਤ ਸ਼ਹੀਦੀ ਫੌਜਾਂ ਵਲੋਂ 'ਸਤਿ ਸ੍ਰੀ ਅਕਾਲ' ਦੀ ਗੂੰਜ ਸਾਡੇ ਕੰਨੀਂ ਪਈ ਤੇ ਅਸੀਂ ਇਸੇ ਹੌਸਲੇ ਵਿਚ ਦੀਵਾਨ-ਅਸਥਾਨ ਵਲ ਵਧੇ ਕਿ ਸਾਡੇ ਨਾਲ ਬੇਅੰਤ ਸ਼ਹੀਦੀ ਫੌਜਾਂ ਸਚੇ ਪਾਤਸ਼ਾਹ ਨੇ ਘੱਲ ਦਿਤੀਆਂ ਹਨ, ਹੁਣ ਸਾਡੀ ਫਤਹ ਹੀ ਹੋਵੇਗੀ।" ਇਉਂ ਭਾਈ ਸਾਹਿਬ ਦੇ ਇਕ ਗੜ-ਗੱਜ ਸੁਧਾਰਕ ਦੇ ਰੂਪ ਵਿਚ ਦਰਸ਼ਨ ਹੁੰਦੇ ਹਨ।

ਦਾਸ ਦਾ ਕਰਨਲ ਪਿਆਰਾ ਸਿੰਘ ਜੀ ਨਾਲ ੧੯੫੩ ਅਗਸਤ ਵਿਚ ਮੇਲ ਹੋਇਆ। ਸੋਢੀ ਹਜ਼ਾਰਾ ਸਿੰਘ ਜੀ ਦਾ ਹਵਾਲਾ ਲੈ ਕੇ ਦਾਸ ਇਕ ਸ਼ਾਮ ਉਹਨਾਂ ਦੀ ਕੋਠੀ, ਬੱਨੀ ਪਾਰਕ ਜੈਪੁਰ ਵਿਖੇ ਦਰਸ਼ਨ ਕਰਨ ਲਈ ਗਿਆ। ਆਪ ਜੈਪੁਰ ਆਰਮੀ ਤੋਂ ਕਰਨਲ ਦੇ ਅਹੁਦੇ ਤੋਂ ਰੀਟਾਇਰ ਹੋ ਚੁਕੇ ਸਨ। ਉਸ ਸਮੇਂ ਉਹਨਾਂ ਦੇ ਸੀਸ ਤੇ ਕੇਸਰੀ ਦਸਤਾਰਾ ਸਜਾਇਆ ਹੋਇਆ ਸੀ ਅਤੇ ਕਮੀਜ਼ ਕਛਹਿਰੇ ਵਿਚ ਹੀ ਆਪਣੇ ਅਣਜਾਣੇ ਮਹਿਮਾਨ



www.AKJ.Org

ਨੂੰ ਉਹਨਾਂ ਆ ਕੇ ਗੱਜ ਕੇ ਫਤਹ ਗਜਾਈ। ਪੁੱਛ ਗਿੱਛ ਕੀਤੀ। ਮੈਂ ਉਹਨਾਂ ਨੂੰ ਦਸਿਆ, "ਕਿਵੇਂ ਪਹਿਲਾਂ ਮੈਂ ਸੋਚਦਾ ਹੁੰਦਾ ਸੀ ਕਿ ਸਿੱਖ ਕੌਮ ਤਾਂ ਹਿੰਦੂਆਂ ਦੀ ਰਖਿਆ ਲਈ ਬਣਾਈ ਗਈ ਸੀ, ਤੇ ਹੁਣ ਤਾਂ ਭਾਰਤੀ ਫੋਜ ਦੇਸ਼ ਦੀ ਰਖਿਆ ਲਈ ਕਾਫ਼ੀ ਹੈ, ਸਿਖਾਂ ਦੀ ਹੁਣ ਕੋਈ ਲੋੜ ਨਹੀਂ ਰਹੀ।"

"ਪਰ ਸੋਢੀ ਸਾਹਿਬ ਨੂੰ ਮਿਲਣ ਤੋਂ ਬਾਅਦ ਅਤੇ ਉਹਨਾਂ ਵਲੋਂ ਦਿੱਤੀ ਸਿੱਖ-ਇਤਿਹਾਸ ਦੀ ਇਕ ਪੁਸਤਕ ਪੜ੍ਹਨ ਨਾਲ ਮੇਰਾ ਵਿਚਾਰ ਬਦਲ ਗਿਆ ਕਿ ਸਿੱਖ ਇਕ ਨਵੀਨ ਕੌਮ ਹੈ, ਰਖਿਆ ਕਰਨਾ ਤਾਂ ਉਸ ਦੇ ਪਰਉਪਕਾਰ ਦਾ ਕੇਵਲ ਇਕ ਛੋਟਾ ਜਿਹਾ ਅੰਗ ਹੈ। ਖਾਲਸਾ ਸਾਜਣ ਦਾ ਅਸਲ ਮਨੋਰਥ ਕੁਝ ਹੋਰ ਹੈ। ਮੈਂ ਆਪ ਦੀ ਸੇਵਾ ਵਿਚ ਇਸੇ ਲਈ ਪੇਸ਼ ਹੋਇਆ ਹਾਂ ਕਿ ਮੈਨੂੰ ਆਪਣੇ ਜੀਵਨ-ਅਨੁਭਵ ਤੋਂ ਇਹ ਦਸਣ ਦੀ ਕਿਰਪਾਲਤਾ ਕਰੋ ਕਿ ਗੁਰੂ ਨਾਨਕ–ਗੁਰੂ ਗੋਬਿੰਦ ਸਿੰਘ ਦੇ ਸਾਜੇ ਖਾਲਸੇ ਦਾ ਸਰੂਪ ਕੀ ਹੈ ਤੇ ਮਿਸ਼ਨ ਕੀ ਹੈ ?"

ਥੋੜੀ ਦੇਰ ਤਾਂ ਆਪ ਚੁਪ ਰਹੇ। ਮੈਨੂੰ ਬਾਅਦ ਵਿਚ ਦਸਿਆ ਕਿ, "ਮੈਂ ਚੁਪ ਇਸ ਲਈ ਹੋ ਗਿਆ ਸੀ ਕਿ ਅੱਜ ਇਕ ਪੜ੍ਹਿਆ ਲਿਖਿਆ ਨੌਜਵਾਨ ਮੇਰੇ ਪਾਸ ਕੀ ਸਮੱਸਿਆ ਲੈ ਕੇ ਆਇਆ ਹੈ। ਮੇਰੀ ਪਹਿਲੀ ਗੱਲ ਕਿ 'ਹੁਣ ਸਿਖਾਂ ਦੀ ਕੋਈ ਲੋੜ ਨਹੀਂ' ਨੇ ਮੈਨੂੰ (ਕਰਨਲ ਸਾਹਿਬ ਨੂੰ) ਝੁੰਝਲਾ ਦਿੱਤਾ ਕਿ ਇਹ ਸਿੱਖ ਨੌਜਵਾਨ ਕਹਿ ਕੀ ਰਿਹਾ ਹੈ ?" ਤੇ ਉਸੇ ਪਲ ਉਹ ਮੈਨੂੰ ਥਪੜ ਮਾਰਨ ਲਗੇ ਸਨ, ਪਰ ਬਚਾਅ ਇਸ ਲਈ ਹੋ ਗਿਆ ਕਿ ਮੈਂ ਪਹਿਲੀ ਸਟੇਟਮੈਂਟ ਦੇ ਨਾਲ 'ਪਰ' ਦਾ ਸ਼ਬਦ ਵਰਤ ਕੇ ਕਰਨਲ ਸਾਹਿਬ ਨੂੰ ਅਗਲੀ ਗੱਲ ਸੁਣਨ ਲਈ ਪ੍ਰੇਰ ਲਿਆ, ਤੇ ਫਿਰ ਉਹ ਸ਼ਾਂਤ ਹੋ ਰਏ।

ਮੇਰੀ ਸਾਰੀ ਗੱਲ ਸੁਣਨ ਤੋਂ ਬਾਅਦ, ਉਹਨਾਂ ਮੈਨੂੰ ਸਿੱਖ ਦੀ *Early Morning parade*, ਅਥਵਾ, ਅੰਮ੍ਰਿਤ ਵੇਲੇ ਦੀ ਘਾਲ ਕਮਾਈ ਵਿਚ ਹਾਜ਼ਰ ਹੋਣ ਲਈ ਸੱਦਾ ਦਿਤਾ। ਆਪ ਕਿਉਂਕਿ ਮਿਲਟਰੀ ਅਫ਼ਸਰ ਸਨ, ਇਸ ਲਈ ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਸੁਬਾਹ ਸਵੇਰੇ ਦੀ ਪਰੇਡ ਕਹਿੰਦੇ ਸਨ। ਉਹ ਅਕਸਰ ਇਹੋ ਕਹਿੰਦੇ ਸਨ ਕਿ **ਜੋ ਸਿਖ ਸਿਪਾਹੀ ਅੰਮ੍ਰਿਤ ਵੇਲੇ ਦੀ ਪਰੇਡ ਵਿਚੋਂ ਗੈਰ ਹਾਜ਼ਰ ਰਹਿੰਦਾ ਹੈ; ਗੁਰੂ ਸਾਹਿਹ ਉਸਦਾ ਨਾਮ ਆਪਣੀ ਫ਼ੌਜ ਵਿਚੋਂ ਖਾਰਜ ਕਰ ਦਿੰਦੇ ਹਨ।** ਮੈਨੂੰ ਖ਼ਾਸ ਹਿਦਾਇਤ ਇਹ ਸੀ ਕਿ ਮੈਂ ਠੀਕ ਚਾਰ ਵਜੇ ਉਹਨਾਂ ਦੇ ਘਰ ਗੁਰੂ ਮਹਾਰਾਜ ਦੇ ਕਮਰੇ ਵਿਚ ਆ ਕੇ ਹਾਜ਼ਰ ਹੋਵਾਂ। ਉਹਨਾਂ ਨਾਲ ਕੋਈ ਵਚਨ-ਬਿਲਾਸ ਨਹੀਂ ਕਰਨੇ। ਉਥੇ ਕੇਵਲ ਵੇਖਣਾ ਅਤੇ ਸੁਣਨਾ ਹੈ, ਬੋਲਣਾ ਨਹੀਂ।"

ਅਗਲੀ ਸਵੇਰ ਮੈਂ ਤਿੰਨ ਕੁ ਵਜੇ ਜਾਗ ਕੇ, ਇਸ਼ਨਾਨ ਆਦਿ ਸੰਧ ਕੇ ਠੀਕ ਚਾਰ ਵਜੇ ਉਹਨਾਂ ਦੇ ਘਰ ਮਹਾਰਾਜ ਦੀ ਹਜ਼ੂਰੀ ਵਿਚ ਜਾ ਮਸਤਕ ਨਿਵਾਇਆ। ਮੇਰਾ ਇਹ ਪਹਿਲਾ ਦਿਨ ਸੀ ਕਿ ਮੈਂ ਇਤਨੀ ਸਵੇਰੇ ਸਤਿਗੁਰਾਂ ਦੇ ਚਰਨ ਪਰਸੇ। ਖ਼ੈਰ ਇਹ ਸਭ ਸਤਸੰਗੀਆਂ ਦੀ ਸੰਗਤ ਸਦਕਾ ਹੋ ਆਉਂਦਾ ਹੈ।

ਕਰਨਲ ਪਿਆਰਾ ਸਿੰਘ ਜੀ ਪਤਾ ਨਹੀਂ ਕਦੋਂ ਦੇ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰ ਕੇ ਤਾਅਬੇ ਸਜੇ ਬੈਠੇ ਸਨ ਤੇ ਉਥੇ ਹੀ ਮਿਠੀ ਮਿਠੀ ਸੁਰ ਵਿਚ ਬਿਨਾਂ ਸਾਜ਼ਾਂ ਤੋਂ ਬੈਰਾਗ-ਮਈ ਕੀਰਤਨ ਕਰ ਰਹੇ ਸਨ। ਇਕ ਨਿੱਕਾ ਜਿਹਾ ਪੱਖਾ ਪਾਲਕੀ ਵਿਚ ਲਗਾ ਹੋਇਆ, ਜੋ ਆਪ ਖਿੱਚ ਖਿੱਚ ਕੇ ਹੌਲੀ ਹੌਲੀ ਝੁਲਾ ਰਹੇ ਸਨ (ਸਜੱਲ ਨੇਤ੍ਰ ਹੋਏ ਹੋਏ) :–

ਤਿਸੁ ਗੁਰ ਕਉ ਝੂਲਾਵਉ ਪਾਖਾ ॥ ਮਹਾ ਅਗਨਿ ਤੇ ਹਾਥੁ ਦੇ ਰਾਖਾ ॥੩॥੯॥[ਗਉੜੀ ਮ: ੫,੨੩੯]

ਮੈਨੂੰ ਉਸ ਸ਼ਾਂਤ ਅਤੇ ਇਕਾਂਤ ਰਸ-ਭਿੰਨੇ ਵਾਤਾਵਰਣ ਵਿਚ ਕੁਝ ਚੰਗਾ ਚੰਗਾ ਲੱਗਾ। ਫਿਰ ਉੱਠ ਕੇ ਆਪ ਨੇ ਅਰਦਾਸ ਕੀਤੀ, ਤਾਂ ਭੀ ਆਪ ਦਾ ਬੈਰਾਗ ਠਲ੍ਹਿਆ ਨਹੀਂ ਸੀ ਜਾ ਰਿਹਾ। ਅਰਦਾਸ ਤੋਂ ਬਾਅਦ ਹੁਕਮਨਾਮਾ ਹੋਇਆ, ਜੋ ਮੈਨੂੰ ਹੁਣ ਤਕ ਭੁਲਿਆ ਨਹੀਂ। ਉਸ ਤੋਂ ਪਿਛੋਂ ਮੈਂ ਘਰ ਆ ਗਿਆ। ਸ਼ਾਮ ਨੂੰ ਮੈਂ ਫਿਰ ਮਿਲਣ ਲਈ ਗਿਆ, ਤਾਂ ਆਪ ਨੇ ਪਹਿਲਾ ਸਵਾਲ ਜੋ ਮੇਰੇ ਤੋਂ ਪੁਛਿਆ, ਉਹ ਇਹ ਸੀ ਕਿ ਸਵੇਰੇ ਹੁਕਮਨਾਮਾ ਕੀ ਸੀ ? ਮੈਂ ਇਸ ਤੋਂ ਪਹਿਲਾਂ ਕਦੀ ਖ਼ਿਆਲ ਨਹੀਂ ਸੀ ਕੀਤਾ ਕਿ ਸਿੱਖ ਗੁਰੂ ਪਾਤਸ਼ਾਹ ਦਾ ਹੁਕਮ ਲੈ ਕੇ ਸਾਰਾ ਦਿਨ ਯਾਦ ਭੀ ਰਖਦੇ ਹਨ। ਪਰ ਅੱਜ ਕੁਦਰਤੀ ਮੈਨੂੰ ਸਵੇਰ ਦੇ ਹੁਕਮਨਾਮੇ ਦੀ ਇਕ


[ਬਾਕੀ ਦੇਖੋ ਸਫ਼ਾ ੨੮ ਹੇਠ]

www.AKJ.Org

# ਸਿੱਖ ਬੀਬੀਆਂ ਤੇ ਕੇਸਾਂ ਦੀ ਸੰਭਾਲ

[ਪ੍ਰੋ: ਹਰਬੰਸ ਸਿੰਘ ਜੀ]

ਛੁੱਟੀ ਹੋਣ ਸਮੇਂ ਸਕੂਲ ਦੇ ਗੇਟ ਅੱਗੇ ਖਲੋਤਿਆਂ ਆਮ ਕਰਕੇ ਬੀਬੀਆਂ ਨੂੰ ਨੰਗੇ ਸਿਰ ਹੀ ਦੇਖੋਗੇ। ਚੁੰਨੀਆਂ ਗਲਾਂ ਵਿਚ ਹੀ ਹੋਣਗੀਆਂ। ਕਈ ਬੀਬੀਆਂ ਅਜਿਹੀਆਂ ਵੀ ਮਿਲਣਗੀਆਂ ਜਿਨ੍ਹਾਂ ਕੋਲ ਚੁੰਨੀਆਂ ਬਿਲਕੁਲ ਹੀ ਨਹੀਂ ਹੋਣਗੀਆਂ। ਖਾਲਸਾ ਸਕੂਲ ਤੇ ਕਾਲਜਾਂ ਦਾ ਵੀ ਇਹੋ ਹੀ ਹਾਲ ਹੈ। ਜਿਨ੍ਹਾਂ ਪ੍ਰਬੰਧਕ ਕਮੇਟੀਆਂ ਵਿੱਚ ਕੁਝ ਬਜ਼ੁਰਗ ਮੈਂਬਰ ਨੰਗਾ ਸਿਰ ਰੱਖਣ ਦੇ ਖ਼ਿਲਾਫ ਹਨ, ਉਨ੍ਹਾਂ ਸਕੂਲਾਂ ਵਿੱਚ ਅਜਿਹੇ ਮੈਂਬਰਾਂ ਦੇ ਬੂਹੇ ਵੜਦਿਆਂ ਹੀ ਕਲਾਸਾਂ ਵਿਚ ਖਬਰ ਹੋ ਜਾਂਦੀ ਹੈ ਕਿ ਬਾਬਾ ਜੀ ਆ ਗਏ ਹਨ, ਸਿਰਾਂ ਤੇ ਚੁੰਨੀਆਂ ਲੈ ਲਵੋ। ਬਾਬਾ ਜੀ ਸਕੂਲ ਵਿੱਚੋਂ ਬਾਹਰ ਨਿੱਕਲੇ ਨਹੀਂ ਤੇ ਚੁੰਨੀਆਂ ਸਿਰਾਂ ਤੋਂ ਲੱਥੀਆਂ ਨਹੀਂ। ਕੋਈ ਟਾਵੀਆਂ ਟਾਵੀਆਂ ਬੀਬੀਆਂ ਹੀ ਮਿਲਣਗੀਆਂ ਜਿਨ੍ਹਾਂ ਦੇ ਸਿਰ ਢੱਕੇ ਹੋਏ ਮਿਲਣਗੇ, ਉਹ ਵੀ ਉਨ੍ਹਾਂ ਬੀਬੀਆਂ ਦੇ ਹੀ ਜਿਨ੍ਹਾਂ ਨੇ ਕੇਸਕੀ (ਦਸਤਾਰ) ਸਜਾਈ ਹੋਈ ਹੈ, ਅਜਿਹੀਆਂ ਬੀਬੀਆਂ ਦੀ ਗਿਣਤੀ ਨਾਂ-ਮਾਤਰ ਹੀ ਹੈ। ਸਾਰੇ ਸਕੂਲ ਜਾਂ ਕਾਲਜ ਵਿੱਚ ਇਕ ਜਾਂ ਦੋ ਬੀਬੀਆਂ ਹੀ ਦਸਤਾਰਧਾਰੀ ਮਿਲਣਗੀਆਂ। ਰਹਿਤਨਾਮੇ ਵਿਚ ਲਿਖਿਆ ਹੈ—

"ਨਗਨ ਹੋਇ ਬਾਹਰ ਫਿਰੇ, ਨਗਨ ਸੀਸ ਜੋ ਖਾਇ।
ਨਗਨ ਪ੍ਰਸਾਦ ਜੋ ਬਾਂਟਈ, ਤਨਖਾਹੀ ਬਡੋ ਕਹਾਇ।"

ਬੀਬੀਆਂ ਦਾ ਨੰਗੇ ਸਿਰ ਬਾਹਰ ਅੰਦਰ, ਗਲੀਆਂ ਬਾਜ਼ਾਰਾਂ ਸਕੂਲਾਂ ਕਾਲਜਾਂ, ਦਫ਼ਤਰਾਂ ਆਦਿ ਵਿੱਚ ਫਿਰਨਾ ਫੈਸ਼ਨ ਬਣ ਗਿਆ ਹੈ। ਸਿੱਖ ਬੀਬੀਆਂ ਦਾ ਘਰਾਂ ਅੰਦਰ ਨੰਗੇ ਸਿਰ ਰਹਿਣਾ ਇੱਕ ਆਦਤ ਬਣਦੀ ਜਾ ਰਹੀ ਹੈ। ਨੰਗੇ ਸਿਰ ਰਸੋਈ ਤਿਆਰ ਕਰਨੀ, ਰੋਟੀ ਪਰੋਸਣੀ, ਰੋਟੀ ਖਾਣੀ, ਰੋਟੀ ਵਰਤਾਉਣੀ ਇੱਕ ਆਮ ਜਿਹੀ ਗੱਲ ਬਣਦੀ ਜਾ ਰਹੀ ਹੈ। ਬੀਬੀਆਂ ਦੇ ਨੰਗੇ ਸਿਰ ਘਰਾਂ ਤੇ ਬਾਜ਼ਾਰਾਂ ਵਿਚ ਫਿਰਨ ਤੋਂ ਸਾਬਤ ਹੁੰਦਾ ਹੈ ਕਿ ਉਨ੍ਹਾਂ ਨੂੰ ਗੁਰਸਿੱਖੀ ਰਹਿਤ (*sikh code*) ਦੀ ਕੋਈ ਪ੍ਰਵਾਹ ਨਹੀਂ। ਇਸੇ ਲਾਪ੍ਰਵਾਹੀ ਸਦਕਾ ਸਿੱਖ ਬੀਬੀਆਂ ਵਿੱਚ ਭਰਵੱਟੇ ਮੁੰਨਣ, ਬਿਨਾਂ ਬਾਹਾਂ ਵਾਲੀਆਂ ਕਮੀਜ਼ਾਂ ਕਾਰਨ ਕੱਛਾਂ ਆਦਿ ਦੇ ਵਾਲ ਮੁੰਨਣ ਦਾ ਫੈਸ਼ਨ ਘਰ ਕਰਦਾ ਜਾ ਰਿਹਾ ਹੈ। ਛੇਦਕ ਗਹਿਣੇ ਪਾਉਣ ਦਾ ਰਿਵਾਜ ਇੱਥੋਂ ਤੱਕ ਪੱਕ ਗਿਆ ਹੈ ਕਿ ਆਮ ਬੀਬੀਆਂ ਨੂੰ ਇਸ ਰਿਵਾਜ ਤੋਂ ਕੋਈ ਰੋਕ ਨਹੀਂ ਸਕਦਾ। ਵਿਆਹ ਗਹਿਣਿਆਂ ਤੋਂ ਬਿਨਾਂ ਅਧੂਰਾ ਹੀ ਸਮਝਿਆ ਜਾਂਦਾ ਹੈ।

ਸ਼ਹਿਰਾਂ ਵਿੱਚ ਸ਼ਿੰਗਾਰ ਘਰਾਂ ਅਥਵਾ ਬਿਊਟੀ ਪਾਰਲਰਾਂ (*Beauty Parlours*) ਦੀ ਦਿਨ-ਬ-ਦਿਨ ਵਧਦੀ ਗਿਣਤੀ ਰੋਮਾਂ ਦੀ ਬੇਅਦਬੀ ਨੂੰ ਬੜ੍ਹਾਵਾ ਦੇ ਰਹੀ ਹੈ।

"ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ" ਦਾ ਤੌਖਲਾ ਦਿਨੋ ਦਿਨ ਵਧਦਾ ਜਾ ਰਿਹਾ ਹੈ। ਆਨਮਤੀਆਂ ਦੀ ਦੇਖਾ ਦੇਖੀ ਸਿੱਖ ਬੀਬੀਆਂ ਵਿੱਚ ਇੱਥੋਂ ਤੱਕ ਗਿਰਾਵਟ ਆ ਗਈ ਹੈ ਕਿ ਉਹ ਖ਼ੁਦ ਸ਼ਿੰਗਾਰ-ਦੁਕਾਨਾਂ ਚਲਾ ਰਹੀਆਂ ਹਨ। ਕੀ ਆਸ ਰੱਖੀ ਜਾ ਸਕਦੀ ਹੈ ਕਿ ਉਨ੍ਹਾਂ ਦੇ ਬੱਚੇ ਸਿੱਖ ਰਹੁ-ਰੀਤ ਨੂੰ ਅਪਨਾਉਣਗੇ ?

ਪਹਾੜ ਦੀ ਟੀਸੀ ਵੱਲ ਨੂੰ ਕੋਈ ਟਾਵਾਂ ਹੀ ਸਿਦਕੀ ਮਨੁੱਖ ਜਾਂਦਾ ਹੈ, ਵਧੇਰੇ ਤਾਂ ਉਪਰ ਵੱਲ ਨੂੰ ਜਾਂਦੀ ਸੜਕ ਤੋਂ ਤਿਲ੍ਹਕ ਕੇ ਖੱਡ ਵਿੱਚ ਹੀ ਡਿੱਗਦੇ ਹਨ। ਨੰਗੇ ਸਿਰ ਫਿਰਨ ਵਾਲੀਆਂ ਬੀਬੀਆਂ ਅਤੇ ਰੋਮਾਂ ਦੀ ਬੇਅਦਬੀ ਕਰਨ ਵਾਲੀਆਂ ਬੀਬੀਆਂ ਕੀ "ਸਿੰਘ" ਪੈਦਾ ਕਰ ਸਕਣਗੀਆਂ ? ਉਤਰ ਨਾਂਹ ਵਿੱਚ ਹੀ ਹੈ। ਜੇ ਬੀਬੀਆਂ ਆਪ ਪਤਿਤ-ਕਰਮੀ ਹੋਣਗੀਆਂ ਤਾਂ ਸਿੰਘ ਕਿੱਥੋਂ ਪੈਦਾ ਹੋਣਗੇ ? ਅਤੇ ਕੌਮ ਵਧੇ ਫੁੱਲੇਗੀ ਕਿਵੇਂ ? ਪਤਿਤ ਕਰਮ ਸਿੱਖੀ ਵਿੱਚ ਕੀ ਵਾਧਾ ਕਰਨਗੇ ? ਜ਼ਰਾ ਸੋਚੋ !

ਸਿੱਖ ਬੀਬੀਆਂ ਨੇ ਘਰਾਂ ਵਿਚ ਕੇਵਲ ਨੌਕਰਾਣੀਆਂ ਬਣ ਕੇ ਹੀ ਨਹੀਂ ਰਹਿਣਾ, ਉਨ੍ਹਾਂ ਨੇ ਆਪਣੇ ਵੀਰਾਂ ਨਾਲ ਮੋਢੇ ਨਾਲ ਮੋਢਾ ਡਾਹ ਕੇ ਜੀਵਨ ਦੇ ਹਰ ਖੇਤਰ ਵਿੱਚ ਉਲਾਂਘਾਂ ਪੁੱਟਣੀਆਂ ਹਨ। ਜੀਵਨ ਦੇ ਹਰ ਮੋਰਚੇ ਤੇ ਆਪਣੀ ਡਿਊਟੀ ਨਿਭਾਉਂਦਿਆਂ ਉਨ੍ਹਾਂ ਨੇ ਗੁਰਸਿੱਖ ਰਹਿਤ ਨੂੰ ਤਿਲਾਂਜਲੀ ਨਹੀਂ ਦੇਣੀ, ਸਗੋਂ ਰਹਿਤ ਨੂੰ



www.AKJ.Org

ਦ੍ਰਿੜ੍ਹਤਾ ਨਾਲ ਅਪਨਾਉਣਾ ਹੈ ਅਤੇ ਰਹਿਤ ਸੰਬੰਧੀ ਹੇਠਲੇ ਸ਼ਬਦਾਂ ਨੂੰ ਹਮੇਸ਼ਾਂ ਯਾਦ ਰੱਖਣਾ ਹੈ:

ਰਹਿਣੀ ਰਹੈ ਸੋਈ ਸਿੱਖ ਮੇਰਾ, ਉਹ ਸਾਹਿਬ ਮੈਂ ਉਸ ਕਾ ਚੇਰਾ।
ਰਹਿਤ ਬਿਨਾ ਨਹਿ ਸਿੱਖ ਕਹਾਵੈ। ਰਹਿਤ ਬਿਨਾ ਦਰ ਚੋਟਾਂ ਖਾਵੈ।
ਰਹਿਤ ਬਿਨਾ ਸੁਖ ਕਬਹੁੰ ਨ ਲਹੈ। ਤਾਂ ਤੇ ਰਹਿਤ ਸੁ ਦ੍ਰਿੜ੍ਹ ਕਰ ਗਹੈ। (ਭਾਈ ਦੇਸਾ ਸਿੰਘ ਜੀ)

ਸਿੱਖ ਬੱਚੀਆਂ ਨੇ ਸਕੂਲਾਂ ਕਾਲਜਾਂ ਵਿੱਚ ਖੇਡਾਂ ਵਿੱਚ ਵੀ ਹਿੱਸਾ ਲੈਣਾ ਹੈ। ਉਨ੍ਹਾਂ ਨੇ ਸਕੂਟਰ ਕਾਰਾਂ ਵੀ ਚਲਾਉਣੀਆਂ ਹਨ, ਵਰਕਸ਼ਾਪਾਂ ਅਤੇ ਪ੍ਰਯੋਗਸ਼ਾਲਾਵਾਂ (*Loboratories*) ਵਿਚ ਵੀ ਟਰੇਨਿੰਗ ਲੈਣੀ ਹੈ, *N.C.C.* ਅਤੇ *N.S.S* ਵਿਚ ਵੀ ਭਾਗ ਲੈਣਾ ਹੈ, ਬੰਦੂਕ ਚਲਾਉਣੀ ਤੇ ਹਲ ਵਾਹੁਣਾ ਵੀ ਸਿੱਖਣਾ ਹੈ। ਇਨ੍ਹਾਂ ਅਤੇ ਜੀਵਨ ਦੇ ਹੋਰ ਵੱਖ ਵੱਖ ਖੇਤਰਾਂ ਵਿਚ ਕੰਮ ਕਾਰ ਕਰਦਿਆਂ ਸਿੱਖ ਬੀਬੀਆਂ ਨੇ ਨੰਗੇ ਸਿਰ ਨਹੀਂ ਰਹਿਣਾ, ਗੱਲੀਆਂ ਤੇ ਸੜਕਾਂ ਦਾ ਮਲ-ਮੂਤਰ ਨਾਲ ਲਿੱਬੜਿਆ ਕੂੜਾ ਕਰਕਟ ਅਤੇ ਮਿੱਟੀ ਘੱਟਾ ਆਪਣੇ ਪਵਿੱਤਰ ਸੀਸ ਵਿਚ ਨਹੀਂ ਪੁਆਉਣਾ, ਜਿਸ ਸੀਸ ਵਿੱਚ ਅੰਮ੍ਰਿਤ ਚੋਇਆ ਜਾ ਚੁੱਕਿਆ ਹੈ ਅਤੇ ਜਿਸ ਸੀਸ ਵਿਚ "ਦਸਮ-ਦੁਆਰ" ਹੈ, ਜਿਹੜਾ ਅਕਾਲ ਪੁਰਖ ਦਾ ਨਿਵਾਸ-ਅਸਥਾਨ ਹੈ ਅਤੇ ਜਿੱਥੇ ਅਮਰ ਕਰ ਦੇਣ ਵਾਲਾ "ਅੰਮ੍ਰਿਤ ਕੁੰਡ" ਹੈ।

ਕੇਸਾਂ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਵਾਸਤੇ ਢੁੱਕਵਾਂ ਪਹਿਰਾਵਾ ਦਸਤਾਰ ਹੀ ਹੈ। ਸਤਿਗੁਰੂ ਜੀ ਦਾ ਆਪਣੇ ਸਿੱਖਾਂ ਵਾਸਤੇ "ਸਾਬਤ ਸੂਰਤਿ" ਰੱਖਣ ਅਤੇ ਸਿਰ ਤੇ ਦਸਤਾਰ ਸਜਾਉਣ ਦਾ ਹੀ ਆਦੇਸ਼ ਹੈ। ਇਹ ਹੁਕਮ ਸਿੰਘਾਂ ਅਤੇ ਬੀਬੀਆਂ ਵਾਸਤੇ ਇਕੋ ਜਿਹਾ ਹੀ ਹੈ। ਸਿੰਘਾਂ ਅਤੇ ਬੀਬੀਆਂ ਵਾਸਤੇ ਇੱਕੋ ਹੀ ਰਹਿਤ ਹੈ, ਵੱਖੋ ਵੱਖ ਨਹੀਂ। ਅੰਮ੍ਰਿਤ ਛਕ ਕੇ ਸਾਰੇ ਹੀ ਕਲਗੀਆਂ ਵਾਲੇ ਦਾ "ਖਾਸ ਰੂਪ" ਬਣ ਜਾਂਦੇ ਹਨ ਅਤੇ "ਖਾਲਸੇ" ਸਦਾਉਂਦੇ ਹਨ। ਹਰ ਕੋਈ ਇਕ ਦੂਜੇ ਨੂੰ ਮਿਲਣ ਤੇ ਵਿੱਛੜਨ ਸਮੇਂ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਗਜਾਂਦਾ ਹੈ। ਗੁਰੂ ਕੀਆਂ ਸਿੰਘਣੀਆਂ ਵੀ ਆਪਣੇ ਆਪ ਨੂੰ "ਵਾਹਿਗੁਰੂ ਜੀ ਕਾ ਖਾਲਸਾ" ਹੀ ਕਹਿੰਦੀਆਂ ਹਨ, ਕੋਈ ਵੀ "ਖਾਲਸੀ" ਨਹੀਂ ਕਹਿੰਦੀ। ਵੈਸੇ ਗੁਰਮਤਿ ਅੰਦਰ "ਪੁਰਖ" ਇੱਕ ਅਕਾਲ ਪੁਰਖ ਹੀ ਹੈ, ਬਾਕੀ ਸਭ ਜੀਵ ਇਸਤ੍ਰੀਆਂ ਹੀ ਹਨ, ਜਿਵੇਂ ਕਿ ਸ੍ਰੀ ਗੁਰੂ ਅਮਰਦਾਸ ਜੀ ਦਾ ਕਥਨ ਹੈ–

ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥੨॥ (ਪੰਨਾ ੫੯੧)

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਨੇ ਸਾਨੂੰ ਸਾਰਿਆਂ ਨੂੰ, (ਕੀ ਮਰਦ ਤੇ ਕੀ ਇਸਤ੍ਰੀ) ਖਾਲਸੇ ਬਣਾ ਦਿੱਤਾ ਅਤੇ "ਖਾਸ ਰੂਪ" ਹੋਣ ਦਾ ਵਰਦਾਨ ਦਿੱਤਾ। ਖਾਲਸੇ ਅਸੀਂ ਸਾਬਤ ਸੂਰਤਿ ਅਤੇ ਦਸਤਾਰ ਸਦਕਾ ਹੀ ਹਾਂ। ਸਾਡਾ ਨਿਆਰਾਪਨ ਸਾਬਤ ਸੂਰਤਿ ਅਤੇ ਦਸਤਾਰ ਕਾਰਨ ਹੀ ਹੈ ਅਤੇ ਇਸੇ ਸਦਕਾ ਹੀ ਅਮਰੀਕਾ ਦਾ ਵਿਦਵਾਨ ਆਰਨਲਡ ਟਾਇਨਬੀ (*Arnold Toynbee*) ਖਾਲਸੇ ਨੂੰ ਸੰਸਾਰ ਭਰ ਵਿੱਚ ਸਭ ਤੋਂ ਸੋਹਣਾ ਤੇ ਪੂਰਨ ਮਨੁੱਖ ਲਿਖਦਾ ਹੈ।

ਜਿਹੜੀਆਂ ਬੀਬੀਆਂ ਦਸਤਾਰ ਸਜਾਂਦੀਆਂ ਹਨ ਉਨ੍ਹਾਂ ਨੂੰ ਕਾਰ ਵਿਹਾਰ ਕਰਦਿਆਂ ਸਿਰ ਨੰਗਾ ਹੋਣ ਦਾ ਤੌਖਲਾ ਨਹੀਂ ਰਹਿੰਦਾ। ਉਨ੍ਹਾਂ ਦੇ ਸਿਰ ਦੇ ਵਾਲ ਖਿੱਲਰ ਕੇ ਗਲ ਵਿਚ ਨਹੀਂ ਪੈਂਦੇ। ਉਨ੍ਹਾਂ ਨੂੰ ਕੰਘੇ ਨੂੰ ਡੋਰਾਂ ਪਾ ਕੇ ਜਕੜਨਾ ਨਹੀਂ ਪੈਂਦਾ। ਕੇਸਕੀ (ਦਸਤਾਰ) ਸਦਕਾ ਉਨ੍ਹਾਂ ਦਾ ਕੰਘਾ ਅਤੇ ਕੇਸ ਚੰਗੀ ਤਰ੍ਹਾਂ ਸੰਭਾਲੇ ਰਹਿੰਦੇ ਹਨ, ਅਤੇ ਉਹ ਕੁਰਹਿਤਣਾਂ ਹੋਣ ਦੇ ਦੋਸ਼ ਤੋਂ ਮੁਕਤ ਰਹਿੰਦੀਆਂ ਹਨ।

ਬੀਬੀਆਂ ਦੇ ਨੰਗੇ ਸਿਰ ਰਹਿਣ ਦੀ ਰੁਚੀ ਨੂੰ ਧਿਆਨ ਵਿੱਚ ਰੱਖਦੇ ਹੋਏ ਸਿੱਖ ਵਿਚਾਰਵਾਨਾਂ ਨੂੰ ਦਿਨੋ-ਦਿਨ ਵਧ ਰਹੀ ਇਸ ਬੀਮਾਰੀ ਦਾ ਇਲਾਜ ਸੋਚਣਾ ਪਵੇਗਾ। ਜੇ ਵੇਲੇ ਸਿਰ ਕੋਈ ਕਾਨੂੰਨ ਨਾ ਬੰਨ੍ਹਿਆ ਗਿਆ ਤਾਂ ਸਿੱਖ ਕੌਮ ਦਾ ਹੁਲੀਆ ਹੀ ਵਿਗੜ ਜਾਏਗਾ। ਸ਼ੇਰ ਪੁੱਤਰ ਸਿੰਘ-ਸੂਰਮੇ ਟੋਲਿਆਂ ਭੀ ਨਹੀਂ ਲੱਭਣਗੇ। ਸਾਡੇ ਗੁਰਮਤਿ ਦੇ ਪ੍ਰਚਾਰ ਦਾ ਬਹੁਤਾ ਲਾਭ ਨਹੀਂ ਹੋਏਗਾ ਜੇ ਸਾਡੀਆਂ ਬੀਬੀਆਂ ਆਪ ਹੀ ਸਿੱਖੀ ਦੇ ਮੁਨਾਰਿਆਂ ਨੂੰ ਢਾਹੁਣ ਲੱਗ ਪਈਆਂ ਅਤੇ ਰੱਬੀ ਸੂਰਤ ਨੂੰ ਵਿਗਾੜਨ ਲੱਗ ਪਈਆਂ। ਦਿਨ-ਬ-ਦਿਨ ਬੀਬੀਆਂ ਦੀ ਗਿਰ ਰਹੀ ਹਾਲਤ ਨੂੰ ਦੇਖ ਕੇ ਹਿਰਦੇ ਵਿੱਚੋਂ ਇਹੋ ਹੀ ਆਵਾਜ਼ ਨਿਕਲਦੀ ਹੈ–

"ਪਗੜੀ ਸੰਭਾਲ ਓ ਸਿੰਘਾ ! ਪਗੜੀ ਸੰਭਾਲ ਓਇ !"


www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੧)
# ਮੁਗਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

ਨੋਟ : —ਜੂਨ ੧੯੯੧ 'ਸੂਰਾ' ਵਿਚ ਇਸ ਲੇਖ ਦੀ ੧੯ਵੀਂ ਕਿਸ਼ਤ ਦਾ ਕੁਝ ਹਿੱਸਾ ਬਾਕੀ ਰਹਿ ਗਿਆ ਸੀ, ਜਿਸ ਨਾਲ ਲੇਖਕ ਜੀ ਨੇ ਕੁਝ ਨੋਟ ਲਿਖ ਕੇ ਭੇਜਣਾ ਸੀ । ਐਤਕੀ ਉਸ ਕਿਸ਼ਤ ਦਾ ਬਾਕੀ ਮੈਟਰ ਅਤੇ ਲੇਖਕ ਵਲੋਂ ਨੋਟ ਦਿਤਾ ਜਾ ਰਿਹਾ ਹੈ। ਆਉਂਦੇ ਪਰਚੇ ਤੋਂ ਅਗਲੀਆਂ ਕਿਸ਼ਤਾਂ ਚਾਲੂ ਕਰ ਦਿਤੀਆਂ ਜਾਣਗੀਆਂ । —ਸੰਪਾਦਕ

ਬਾਬਾ ਬਿਨੋਦ ਸਿੰਘ ਆਪਣੇ ਬਾਹੂ-ਬਲ ਨਾਲ ਗੜ੍ਹੀ 'ਚੋਂ ਬਾਹਰ ਹੋ ਕੇ ਦੁਸ਼ਮਣ ਵਿਚ ਚੀ ਬਚ ਕੇ ਨਿਕਲ ਗਏ । ਮਤ-ਭੇਦ ਤਾਂ ਟਲ ਗਿਆ, ਪਰ ਅੰਦਰਲੇ ਸਿੰਘਾਂ ਨੂੰ ਭੁਖ ਦਾ ਦੈਂਤ ਉਂਜ ਹੀ ਮੂੰਹ ਟੱਡੀ ਨਿਗਲ ਜਾਣ ਲਈ ਖੜਾ ਸੀ । ਭੁਖ ਦਾ ਤਾਂ ਕੋਈ ਦਾਰੂ ਨਾ ਹੋਇਆ । ਸਿੰਘਾਂ ਨੇ ਭਾਣਾ ਮਿਠਾ ਕਰ ਕੇ ਜਿਰ ਤੇ ਸਹਿ ਜਾਣ ਦੀ ਧਾਰ ਲਈ ।

ਮਿਸਟਰ ਵਿਲੀਅਮ ਇਰਵਿਨ ਖ਼ਾਫ਼ੀ ਖ਼ਾਨ ਦੇ ਆਧਾਰ ਤੇ ਇਸ ਗੜ੍ਹੀ ਵਿਚਲੀ ਹਾਲਤ ਬਾਰੇ ਲਿਖਦਾ ਹੈ—"ਚੂੰਕਿ ਸਿੱਖਾਂ ਵਿਚ ਜ਼ਾਤ ਪਾਤ ਦੀ ਕੋਈ ਮਨੌਤ ਜਾਂ ਨਿਸਚਿਤ ਪੱਕਿਆਈ ਨਹੀਂ ਸੀ, ਸੋ ਉਨ੍ਹਾਂ ਘੋੜੇ ਬਲਦ ਤੇ ਖਚਰਾਂ ਆਦਿ ਝਟਕਾ ਲਏ । ਅੰਦਰ ਹਰ ਚੀਜ਼ ਦੀ ਥੁੜ ਸੀ । ਜਲਾਉਣ ਲਈ ਲਕੜ ਬਾਲਣ ਨਾ ਹੋਣ ਕਰਕੇ ਉਹ ਕੱਚਾ ਹੀ ਮਾਸ ਖਾ ਗਏ । ਇਸ ਨਾਲ ਬਹੁਤ ਸਾਰਿਆਂ ਨੂੰ ਪੇਚਸ਼ (ਖ਼ੂਨ ਦੇ ਮਰੋੜ) ਦੀ ਬੀਮਾਰੀ ਲਗ ਗਈ, ਅਤੇ ਕਮਜ਼ੋਰੀ ਨਾਲ ਪ੍ਰਾਣ ਤਿਆਗ ਗਏ । ਜਦ ਘਾਹ ਵੀ ਮੁਕ ਗਿਆ ਤਾਂ ਉਨ੍ਹਾਂ ਨੇ ਦਰੱਖ਼ਤਾਂ ਦੀਆਂ ਛਿੱਲਾਂ (ਸੱਕ), ਨਰਮ ਟਾਹਣੀਆਂ ਅਤੇ ਪਤੇ ਆਦਿ ਸੁਕਾ ਕੇ ਆਟੇ ਵਾਂਗ ਪੀਹ ਕੇ ਖਾ ਲਏ ਤੇ ਆਪਣੀਆਂ ਜਾਨਾਂ ਬਚਾਈ ਰਖਣ ਦਾ ਯਤਨ ਕੀਤਾ । ਜਦ ਇਹ ਵੀ ਮੁਕ ਗਿਆ ਤਾਂ ਉਨ੍ਹਾਂ ਮਰੇ ਪਸ਼ੂਆਂ ਦੀਆਂ ਹੱਡੀਆਂ ਪੀਹ ਕੇ ਖਾਧੀਆਂ ।* ਕੋਈ ਕਹਿੰਦੇ ਹਨ ਕਿ ਉਨ੍ਹਾਂ ਨੇ ਕੁਝ ਕੁ (ਸਿੰਘਾਂ) ਨੂੰ ਆਪਣੇ ਪੱਟਾਂ ਦਾ ਮਾਸ ਕਟ ਕੇ ਭੁੰਨ ਕੇ ਖਾਂਦਿਆਂ ਨੂੰ ਵੇਖਿਆ ਹੈ ।"

ਇਰਵਿਨ ਸਾਹਿਬ ਸਿੱਖਾਂ ਦੀ ਘੋਰ ਮੁਸੀਬਤ ਦਾ ਇਤਨਾ ਕੁ ਨਕਸ਼ਾ ਦੇ ਕੇ, ਜੋ ਕਿਸੇ ਹੋਰ ਲਿਖਤ ਤੇ ਆਧਾਰਤ ਹੈ, ਅਗਲੀ ਗੱਲ ਗੋਲ ਕਰ ਜਾਂਦੇ ਹਨ । ਉਹ ਗੱਲ ਹੈ ਅਤੀ ਮੁਸੀਬਤ ਤੇ ਦੀਰਘ ਕਠਨਾਈਆਂ ਵਿਚ ਵੀ ਸਿੰਘ ਸਬਰ ਸ਼ੁਕਰ ਦਾ ਪਲਾ ਨਹੀਂ ਛਡਦੇ, ਨਿਰਬਲ ਤੇ ਸਾਹਸ-ਹੀਣ ਨਹੀਂ ਹੁੰਦੇ, ਸਗੋਂ ਚੜ੍ਹਦੀ ਕਲ੍ਹਾ ਵਿਚ ਹੀ ਰਹਿੰਦੇ ਹਨ। ਇਹ ਉਹ ਗੁਣ ਹੈ, ਜੋ ਉਨ੍ਹਾਂ ਨੂੰ ਭਿਆਨਕ ਤੋਂ ਭਿਆਨਕ ਖ਼ਤਰੇ ਤੇ ਸਿਰੇ ਦੀਆਂ ਔਕੜਾਂ ਵਿਚ ਵੀ ਅਡੋਲ ਰਖਦੈ । ਉਹ ਸਾਹਮਣੇ ਖੜੀ ਮੌਤ ਨਾਲ ਵੀ ਮਸ਼ਕਰੀ-ਠੱਠੇ ਦਾ ਸ਼ੁਗਲ ਮੇਲਾ ਕਰਨੋਂ ਨਹੀਂ ਝਿਜਕਦੇ ।

ਹਾਜੀ ਕਾਮਵਰ ਖਾਨ, ਜੋ ਸਿੱਖਾਂ ਦੇ ਜੌਹਰਾਂ ਤੋਂ ਚੰਗਾ ਵਾਕਿਫ਼ ਹੈ, ਉਨ੍ਹਾਂ ਦੀ ਗੜ੍ਹੀ ਦੀ ਅੰਦਰਲੀ ਹਾਲਤ ਨੂੰ ਆਪਣੀ ਪੁਸਤਕ "ਤਜ਼ਕਰਾ-ਤੁਲ-ਸੁਲਾਤੀਨ ਚੁਗਤਾਈਆਂ" ਵਿਚ ਬਿਆਨ ਕਰਦਾ ਹੈ—ਜਹੰਨਮੀ ਸਿਖ ਰਹਿਬਰ (ਆਗੂ) ਅਤੇ ਉਸ ਦੇ ਆਦਮੀਆਂ ਨੇ ਉਸ ਸਾਰੀ ਫੌਜੀ ਤਾਕਤ ਦਾ ਡਟ ਕੇ ਮੁਕਾਬਲਾ ਕੀਤਾ, ਜਿਹੜੀ ਅਜ਼ੀਮ (ਮਹਾਨ) ਤੇ ਸ਼ਕਤੀ-ਸ਼ਾਲੀ ਮੁਗ਼ਲ ਹਕੂਮਤ ਅੱਠ ਮਹੀਨੇ ਤਕ ਉਨ੍ਹਾਂ ਦੇ ਵਿਰੁਧ ਇਕੱਠੀ ਕਰ ਸਕੀ ।"

ਸਿੰਘਾਂ ਦੀ ਅਥਾਹ ਭੁਖ, ਕਮਜ਼ੋਰ ਹੋ ਚੁਕੇ ਮਿਹਦੇ, ਘਾਹ, ਬੂਟ, ਰੁਖਾਂ ਦੇ ਛਿਲ-ਪਤੇ ਖਾਣ ਨਾਲ ਅਤੇ

---

* ਮਿਸਟਰ ਵਿਲੀਅਮ ਦੇ ਖ਼ਾਫ਼ੀ ਖ਼ਾਨ ਆਦਿ ਦੇ ਅਧਾਰ ਤੇ ਲਿਖੇ ਇਸ ਕੁਫ਼ਰ ਦੀ ਅਸਲੀਅਤ ਪ੍ਰਗਟਾਉਣ ਲਈ ਕੈਪਟਿਨ ਸਾਹਿਬ ਨੇ ਸਵਿਸਥਾਰ ਨੋਟ ਅੰਤ ਵਿਚ ਦੇ ਦਿਤਾ ਹੈ । ਇਸ ਨੂੰ ਪੜ੍ਹ ਕੇ ਪਾਠਕ ਅਸਲੀਅਤ ਦੇ ਨੇੜੇ ਪੁਜ ਜਾਣਗੇ ।—ਸੰਪਾਦਕ



www.AKJ.Org

ਪੇਚਸ਼ ਤੇ ਖ਼ੂਨ ਦੇ ਦਸਤ ਲਗ ਜਾਣ ਕਾਰਨ ਸੈਂਕੜਿਆਂ ਦੀ ਗਿਣਤੀ ਵਿਚ ਸਿਖ ਅਣਿਆਈ ਮੌਤ ਦਾ ਸ਼ਿਕਾਰ ਹੋ ਗਏ। ਮਰੇ ਹੋਏ ਡੰਗਰਾਂ ਤੇ ਬੰਦਿਆਂ ਦੇ ਗਲ ਸੜ ਰਹੇ ਸਰੀਰਾਂ ਤੋਂ ਉਠਦੀ ਬਦਬੋ ਇਹਾਤੇ ਵਿਚ ਇੰਜ ਫੈਲ ਗਈ ਕਿ ਸਾਹ ਲੈਣਾ ਔਖਾ ਹੋ ਗਿਆ। ਜੋ ਅਜੇ ਬਚੇ ਹੋਏ ਸਨ, ਉਹ ਵੀ ਅਧਮੋਏ ਹੋਏ ਤੇ ਸੁੱਕ ਕੇ ਢੀਂਗਰ ਹੋ ਗਏ ਸਨ। ਹਿਲਣਾ ਜੁਲਣਾ ਵੀ ਉਨ੍ਹਾਂ ਲਈ ਔਖਾ ਹੋ ਗਿਆ ਸੀ। ਏਨੇ ਦੁਰਬਲ ਹੋ ਗਏ ਸਨ ਕਿ ਉਨ੍ਹਾਂ ਪਾਸੋਂ ਆਪਣੇ ਹਥਿਆਰ ਵੀ ਨਹੀਂ ਸਨ ਚੁਕੇ ਜਾਂਦੇ। ਇਸ ਹਾਲਤ ਵਿਚ ਗੜ੍ਹੀ ਦੀ ਰਾਖੀ ਕਰ ਲੈਣਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ ਸੀ ਰਹੀ।

**ਨੋਟ**—ਮੁਹੰਮਦ ਕਾਸਿਮ ਤੇ ਹੋਰ ਮੁਸਲਮਾਨ ਲਿਖਾਰੀਆਂ ਦੀ ਇਸ ਮਨ-ਘੜਤ ਕਹਾਣੀ ਦੀ ਪੜਤਾਲ, ਕਿ ਸਿੰਘਾਂ ਘੋੜੇ ਬਲਦ ਤੇ ਉਨ੍ਹਾਂ ਦੀਆਂ ਹੱਡੀਆਂ ਵੀ ਪੀਹ ਕੇ ਖਾ ਲਈਆਂ :–

ਮੁਹੰਮਦ ਹਾਦੀ ਕਾਮਵਰ ਖ਼ਾਨ (ਤਜ਼ਕਰਾ-ਤੁਲ-ਸੁਲਾਤੀਨ ਚੁਗਤਾਈਆਂ—ਇਹ ਬਹਾਦਰ ਸ਼ਾਹ ਤੇ ਫ਼ਰੁਖ਼ਸੀਅਰ ਦਾ ਰੋਜ਼ਨਾਮਚਾ ਹੈ), ਮੁਹੰਮਦ ਕਾਸਮ (ਇਬਰਤ ਨਾਮਾ—ਮੁਹੰਮਦ ਕਾਸਿਮ, ਮੁਹੰਮਦ ਆਰਿਫ਼ ਬੇਗ ਨਾਇਬ ਗਵਰਨਰ ਲਾਹੌਰ ਦੀ ਸੇਵਾ ਵਿਚ ਸੀ ਤੇ ਇਹ ਗੁਰਦਾਸ ਨੰਗਲ ਦੇ ਘੇਰੇ ਵਿਚ ਵੀ ਸ਼ਾਮਲ ਸੀ), ਮਿਰਜ਼ਾ ਮੁਹੰਮਦ ਹਾਰਿਸੀ (ਇਬਰਤ ਨਾਮਾ—ਇਹ ਲਿਖਾਰੀ ਵੀ ਬੰਦਾ ਸਿੰਘ ਦਾ ਸਮਕਾਲੀ ਹੈ), ਖ਼ਾਫ਼ੀ ਖਾਨ (ਮੁਨਤਖ਼ਿਬੁ-ਲ-ਲੁਬਾਬ) ਦੀਆਂ ਲਿਖਤਾਂ ਨੂੰ ਆਧਾਰ ਮੰਨ ਕੇ ਵਿਲੀਅਮ ਇਰਵਿਨ ਨੇ "ਦੀ ਲੇਟਰ ਮੁਗ਼ਲਜ਼" ਵਿਚ ਲਿਖ ਦਿਤਾ ਕਿ ਗੜ੍ਹੀ ਵਿਚ ਘਿਰੇ ਹੋਏ ਸਿਖਾਂ ਨੇ ਖੁਰਾਕ ਦੀ ਥੁੜ ਕਰਕੇ ਪਹਿਲਾਂ ਦਰੱਖ਼ਤਾਂ ਦੇ ਛਿਲ-ਪਤੇ, ਟਾਹਣੀਆਂ ਤੇ ਫਿਰ ਘੋੜੇ ਖੱਚਰ ਤੇ ਬਲਦ ਮਾਰ ਕੇ ਖਾ ਲਏ ਤੇ ਜਦ ਕੁਝ ਵੀ ਖਾਣ ਨੂੰ ਨਾ ਰਿਹਾ ਤਾਂ ਉਨ੍ਹਾਂ ਦੀਆਂ ਹੱਡੀਆਂ ਵੀ ਪੀਹ ਪੀਹ ਕੇ ਖਾ ਗਏ।

ਸਾਧਾਰਨ ਪਾਠਕ ਲਈ ਇਹ ਇਕ ਝਮੇਲਾ ਬਣ ਜਾਂਦਾ ਹੈ। ਉਸ ਦੀ ਸੂਝ ਬੂਝ ਤੇ ਅਸਲੀਅਤ ਵਿਚਕਾਰ ਇਕ ਪਹਾੜ ਖੜਾ ਕਰ ਦਿਤਾ ਗਿਆ ਹੈ, ਜਿਸ ਦੇ ਉਤੋਂ ਦੀ ਨਾ ਲੰਘ ਸਕੇ ਨਾ ਉਸਨੂੰ ਰਾਹੋਂ ਪਾਸੇ ਕਰ ਸਕੇ। ਸੱਚ ਨੂੰ ਲੁਕਿਆ ਨਹੀਂ ਰਹਿਣ ਦਿਤਾ ਜਾ ਸਕਦੇ। ਹਿੰਮਤ ਤੇ ਮਿਹਨਤ ਨਾਲ ਹੀ ਦੁਨੀਆ ਵਿਚ ਟੇਢੇ ਤੋਂ ਟੇਢਾ ਮਸਲਾ ਹਲ ਹੋ ਜਾਂਦੈ। ਸੁਹਿਰਦ ਪਾਠਕ ਜੀ! ਆਉ ਖੋਜ ਪੜਤਾਲ ਦੀ ਵਿਧੀ ਰਾਹੀਂ ਖੜੀ ਰੋਕ ਨੂੰ ਟੱਪ ਕੇ ਅਸਲੀਅਤ ਤਕ ਪਹੁੰਚਣ ਦਾ ਜਤਨ ਕਰੀਏ।

ਕਾਮਵਰ ਖਾਨ, ਮਿਰਜ਼ਾ ਮੁਹੰਮਦ ਹਾਰਿਸੀ ਤੇ ਖ਼ਾਫ਼ੀ ਖਾਨ ਬੰਦਾ ਸਿੰਘ ਦੇ ਸਮਕਾਲੀ ਹਨ। ਮੁਹੰਮਦ ਕਾਸਿਮ ਗੁਰਦਾਸ ਨੰਗਲ ਨੂੰ ਘੇਰਨ ਵਾਲੀ ਫ਼ੌਜ ਵਿਚ ਸ਼ਾਮਲ ਹੈ। ਦੂਜਿਆਂ ਨਾਲੋਂ ਇਸ ਦੀ ਲਿਖਤੀ ਗਵਾਹੀ ਵਜ਼ਨਦਾਰ ਜਾਪੇਗੀ। ਇਨ੍ਹਾਂ ਤੋਂ ਬਿਨਾਂ ਹੋਰ ਵੀ ਜਿੰਨੇ ਮੁਸਲਮਾਨ ਸਮਕਾਲੀ ਇਤਿਹਾਸਕਾਰ ਹਨ, ਸਿਖਾਂ ਪ੍ਰਤੀ ਸਾਰਿਆਂ ਨੇ ਤੰਗਦਿਲੀ, ਪਖਪਾਤ ਤੇ ਤੁਅਸਬ ਵਿਚ ਅੰਨ੍ਹਿਆਂ ਹੋ ਕੇ ਲਿਖਿਆ ਹੈ। ਸਿਖਾਂ ਦੀ ਬਹਾਦਰੀ, ਦਲੇਰੀ, ਖੁਲ੍ਹ-ਦਿਲੀ ਤੇ ਇਖ਼ਲਾਕ ਦਾ ਵਰਣਨ ਕਰਨ ਲਈ ਇਕ ਵੀ ਚੰਗਾ ਸ਼ਬਦ ਇਨ੍ਹਾਂ ਪਾਸ ਨਹੀਂ। ਅਸਲੀਅਤ ਨੂੰ ਤਾਂ ਸਮਝਦੇ ਸਾਰੇ ਸਨ, ਪਰ ਤੰਗ-ਨਜ਼ਰੀ ਅਤੇ ਤੁਅਸਬ ਪੇਸ਼ ਨਹੀਂ ਸੀ ਜਾਣ ਦੇਂਦੇ। ਸਿਖਾਂ ਬਾਰੇ ਜੇ ਕੋਈ ਸੱਚੀ ਗੱਲ ਲਿਖੀ ਗਈ ਤਾਂ ਦੀਨ ਇਸਲਾਮ ਦੀ ਹੇਠੀ ਹੋ ਜਾਇਗੀ। ਦੂਜੇ ਪਾਸੇ ਹਕੂਮਤ ਕਚੂਮਰ ਕਢ ਕੇ ਰਖ ਦੇਵੇਗੀ। ਦੀਨ ਦੁਨੀਆ ਦੋਵੇਂ ਗਏ। ਇਨ੍ਹਾਂ ਈਮਾਨ-ਹਾਰੇ ਤੇ ਮਰੀ ਹੋਈ ਜ਼ਮੀਰ ਵਾਲੇ ਇਤਿਹਾਸ-ਕਾਰਾਂ ਨਾਲੋਂ ਕਾਜ਼ੀ ਨੂਰ ਮੁਹੰਮਦ ਆਪਣੇ ਜੰਗਨਾਮੇ ਵਿਚ ਸਿਖਾਂ ਨੂੰ ਲੋਹੜੇ ਦੀਆਂ ਗਾਲ੍ਹਾਂ ਕਢਦਾ ਤੇ ਝੂਠ ਕੁਫ਼ਰ ਤੋਲਦਾ ਹੋਇਆ ਵੀ ਸੱਚ ਬੋਲਣ ਤੇ ਮਜਬੂਰ ਹੋ ਜਾਂਦੈ ਤੇ ਸਿੰਘਾਂ ਦੀਆਂ ਖ਼ੂਬੀਆਂ ਤੇ ਹੱਕ-ਸੱਚ ਦਾ ਇਕ ਪੂਰਾ ਅਧਿਆਇ ਲਿਖ ਦੇਂਦਾ ਹੈ। ਸਿਖਾਂ ਦਾ ਇਸਲਾਮ ਨਾਲ ਕੋਈ ਵਿਰੋਧ ਨਹੀਂ। ਉਨ੍ਹਾਂ ਨੇ ਤਾਂ ਸਿਰਫ਼ ਮੁਗ਼ਲ ਹਕੂਮਤ ਦੇ ਜ਼ੁਲਮ ਜਬਰ ਦੇ ਖਿਲਾਫ਼ ਕਮਰਕੱਸਾ ਕੀਤਾ ਸੀ। ਹਕੂਮਤਾਂ ਨਫ਼ੇ ਵਿਹਾਜਣ ਲਈ ਸੱਚ, ਇਖ਼ਲਾਕ ਈਮਾਨ ਤੇ ਮਨੁਖਤਾ ਨੂੰ ਸਦਾ ਛਿਕੇ ਟੰਗਦੀਆਂ ਆਈਆਂ ਹਨ। ਮੁਗ਼ਲ ਸ਼ਾਤਰਾਂ ਨੇ ਮੌਲਾਣੇ ਦੀ ਅਪਾਰ



www.AKJ.Org

ਕਿਰਪਾ ਤੇ ਸਹਾਇਤਾ ਨਾਲ ਮੁਗਲੀਆ ਹਕੂਮਤ ਵਿਰੁਧ ਸਿਖਾਂ ਦੀ ਜਦੋ-ਜਿਹਦ ਨੂੰ ਇਸਲਾਮ ਦੇ ਖ਼ਿਲਾਫ਼ ਲੜਾਈ ਦਾ ਫ਼ਤਵਾ ਦੇ ਕੇ ਹਰ ਇਸਲਾਮੀ ਨੂੰ ਗੁਮਰਾਹ ਕਰ ਦਿਤਾ। ਇਹ ਗੁਮਰਾਹੀ ਅੱਜ ਵੀ ਜੀਉਂਦੀ ਹੈ। ਇਨ੍ਹਾਂ ਹਾਲਤਾਂ ਵਿਚ ਸਿਖਾਂ ਨਾਲ ਮੁਸਲਮਾਨ ਇਤਿਹਾਸਕਾਰ ਇਨਸਾਫ਼ ਕਰਨਗੇ, ਕੌਣ ਉਮੀਦ ਕਰ ਸਕਦੈ ? ਹਕੂਮਤ ਵਲੋਂ ਸਿਖਾਂ ਦੇ ਨਿਤ ਦੇ ਕਤਲਾਮਾਂ ਨੂੰ ਕਾਨੂੰਨੀ ਤੇ ਦੀਨੀ ਪੱਖੋਂ ਜਾਇਜ਼ ਠਹਿਰਾਉਣ ਲਈ, ਸਿਖਾਂ ਨੂੰ ਬਿਲਕੁਲ ਵਹਿਸ਼ੀ ਤੇ ਜੰਗਲੀ ਦਰਿੰਦਿਆਂ ਵਰਗੇ ਸਾਬਤ ਕਰਨ ਲਈ ਆਪਣੇ ਦਿਮਾਗ਼ਾਂ ਨੂੰ ਖੁਲ੍ਹੀਆਂ ਉਡਾਰੀਆਂ ਲਈ ਛੱਡ ਦੇਂਦੇ ਹਨ। ਜੋ ਵਾਹੀ ਤਬਾਹੀ ਝਰੀਟ ਮਾਰੀ, ਮਗਰੋਂ ਆਉਣ ਵਾਲਿਆਂ ਲਈ ਹਵਾਲਿਆਂ ਲਈ ਸੋਮਾ ਬਣ ਗਿਆ। ਕੌਣ ਇਸ ਦੀ ਘੋਖ-ਪੜਚੋਲ ਕਰੇ ? ਸਿਖਾਂ ਨੂੰ ਫ਼ੁਰਸਤ ਕਿਥੇ ? ਇਹ ਤਾਂ ਸ: ਕਰਮ ਸਿੰਘ ਜੀ ਦੀ ਕਿਰਤ ਨੂੰ ਵੀ ਬਚਾ ਨਾ ਸਕੇ।

ਮਿਸਟਰ ਵਿਲੀਅਮ ਇਰਵਨ ਨੂੰ ਕੀ ਲੋੜ ਪਈ ਸੀ ਕਿ ਉਹ ਖਪੇ ਤੇ ਮਗਜ਼-ਮਾਰੀ ਕਰ ਕੇ ਸਿਖ ਇਤਿਹਾਸ ਉਪਰ ਮਿਥ ਕੇ ਜਮਾਈਆਂ ਝੂਠ ਦੀਆਂ ਤਹਿਆਂ ਦੂਰ ਕਰਕੇ ਸੱਚ ਨੂੰ ਉਜਾਗਰ ਕਰਦਾ ਫਿਰੇ। ਸਿਖਾਂ ਹਥੋਂ ਮੁਗਲ ਤੇ ਅੰਗਰੇਜ਼ ਦੋਵੇਂ ਮਾਰ ਖਾ ਚੁਕੇ ਹਨ ਤੇ ਸਿਖਾਂ ਪ੍ਰਤੀ ਉਨ੍ਹਾਂ ਦੇ ਦਿਲ ਵਿਚ ਕੋਈ ਨਰਮ ਗੋਸ਼ਾ ਨਹੀਂ ਹੈ।

ਗੁਰਦਾਸ ਨੰਗਲ ਦਾ ਘੇਰਾ ਕੁਛ ਦਿਨ ਉਪਰ ਅਠ ਮਹੀਨੇ ਜਾਰੀ ਰਿਹਾ। ਅਬਦੁਸਮੱਦ ਖ਼ਾਨ (ਜ਼ਕਰੀਆ ਖਾਨ ਦਾ ਬਾਪ) ਦੀ ਕਮਾਨ ਵਿਚ ਇਹ ਮੁਹਿਮ ਚੱਲ ਰਹੀ ਹੈ। ਸਭ ਵਾਹੀਂ ਲਾ ਥਕੇ, ਸਿੰਘਾਂ ਉਤੇ ਹਾਵੀ ਨਾ ਹੋ ਸਕੇ। ਵਹਿਮੀ ਜਰਨੈਲਾਂ ਤੇ ਸਿਪਾਹੀਆਂ ਨੂੰ ਸਿੰਘਾਂ ਦੀ ਬਹਾਦਰੀ ਤੇ ਬੰਦਾ ਸਿੰਘ ਦੀ ਜਾਦੂਗਰੀ ਨੇ ਪੂਰੀ ਤਰ੍ਹਾਂ ਭੈ ਭੀਤ ਕੀਤਾ ਹੋਇਆ ਹੈ। ਹਰ ਕੋਈ ਦਿਲ ਵਿਚ ਗੰਢ ਦੇਈ ਬੈਠਾ ਹੈ ਕਿ ਦੂਜੇ ਭਾਵੇਂ ਬਚ ਜਾਣ, ਮੈਂ ਲਾਜ਼ਮੀ ਬੰਦਾ ਸਿੰਘ ਦੇ ਸਿੰਘਾ ਹਥੋਂ ਮਾਰਿਆ ਜਾਵਾਂਗਾ। ਲਸ਼ਕਰ ਵਿਚ ਦੁਆਈਂ ਮੰਗੀਆਂ ਜਾ ਰਹੀਆਂ ਹਨ ਕਿ ਯਾ ਅੱਲਾ! ਕੋਈ ਐਸੀ ਬਿਧ ਬਣਾ ਦੇਹ ਕਿ ਇਹ ਬਦਬਖ਼ਤ ਬੰਦਾ ਸਿੰਘ ਗੜ੍ਹੀ ਚੋਂ ਕਿਧਰੇ ਨਿਕਲ ਜਾਵੇ ਤੇ ਸਾਡੀ ਜਾਨ ਖਲਾਸੀ ਹੋਵੇ। ਇੰਜ ਬਲਦੀ ਦੇ ਬੂਥੇ ਆਇਆ ਮੁਹੰਮਦ ਕਾਸਿਮ ਸਿੰਘਾਂ ਨੂੰ ਕਿਵੇਂ ਚੰਗਾ ਕਹੇਗਾ ? ਉਹ ਲਿਖਦਾ ਹੈ ਕਿ 'ਜਦ ਖਾਣ ਨੂੰ ਕੁਝ ਵੀ ਨਾ ਰਿਹਾ ਤਾਂ ਖਾਧੇ ਹੋਏ ਘੋੜੇ ਖਚਰਾ ਤੇ ਬਲਦਾਂ ਦੀਆਂ ਹੱਡੀਆਂ ਵੀ ਪੀਹ ਪੀਹ ਕੇ ਸਿੰਘ ਖਾ ਗਏ।' ਸਿਤਮ ਜ਼ਰੀਫ਼ੀ ਜ਼ਰਾ ਮੁਲਾਹਜ਼ਾ ਹੋਵੇ! ਦਲੇਰ-ਇ-ਜੰਗ ਅਬਦੁਸਮੱਦ ਖਾਨ ਤੋਂ ਲੈ ਕੇ ਕੀ ਛੋਟੇ ਤੋਂ ਛੋਟਾ ਅਫ਼ਸਰ ਤੇ ਕੀ ਸਿਪਾਹੀ, ਕੋਈ ਵੀ ਗੜ੍ਹੀ ਦੇ ਲਾਗੇ ਫਟਕਣ ਦੀ ਕੋਸ਼ਿਸ਼ ਨਹੀਂ ਕਰਦਾ। ਮੁਹੰਮਦ ਕਾਸਿਮ ਕਿਧਰ ਦੀ ਲੰਘ ਕੇ ਗੜ੍ਹੀ ਵਿਚ ਜਾ ਵੜਿਆ ਤੇ ਸਿੰਘਾਂ ਨੂੰ ਹੱਡੀਆਂ ਪੀਹ ਪੀਹ ਖਾਂਦਿਆਂ ਨੂੰ ਵੇਖ ਆਇਆ ? ਮਸ਼ੀਨਾਂ ਤੋਂ ਬਿਨਾਂ ਹੱਡੀਆਂ ਨਹੀਂ ਪੀਸ ਸਕਦੀਆਂ। ਉਨ੍ਹਾਂ ਪਾਸ ਹੱਡੀਆਂ ਪੀਹਣ ਦਾ ਕੀ ਪ੍ਰਬੰਧ ਸੀ ? ਇਸ ਕੰਮ ਲਈ ਅੰਦਰ ਕੋਈ ਖਰਾਸ,, ਹੱਥ-ਚੱਕੀ, ਹਾਵਨ-ਦਸਤੇ, ਸਿਲ ਵੱਟੇ ਜਾਂ ਡੰਡੇ ਕੂੰਡਿਆਂ ਦਾ ਕੋਈ ਪਹਿਲਾਂ ਤੋਂ ਹੀ ਬੰਦੋਬਸਤ ਕੀਤਾ ਹੋਇਆ ਸੀ ?

ਅੰਦਰ ਗਿਣਤੀ ਦੇ ਸਿੰਘ ਸਨ। ਉਹ ਦਿਨ ਰਾਤ ਦੁਸ਼ਮਣ ਨਾਲ ਲੋਹਾ ਲੈਣ ਵਿਚ ਜੁੱਟੇ ਰਹਿੰਦੇ ਸਨ ਤੇ ਦੁਸ਼ਮਣ ਦਾ ਮੂੰਹ ਭੰਨੀ ਰਖਦੇ ਸਨ ਕਿ ਗੜ੍ਹੀ ਦੇ ਪਾਸ ਕੋਈ ਢੁਕਣ ਦੀ ਜੁਰਅਤ ਨਾ ਕਰੇ। ਹੱਡੀਆਂ ਦੀ ਪਿਹਾਈ ਕਰਨ ਦਾ ਉਨ੍ਹਾਂ ਪਾਸ ਸਮਾਂ ਕਿਥੇ ! ਅੱਜ ਕੋਈ ਤਜਰਬਾ ਕਰ ਵੇਖੇ ਕਿ ਸੱਜਰੇ ਮਰੇ ਪਸ਼ੂ ਦੀ ਗਿਲੀ ਹੱਡੀ ਨੂੰ ਕਿਸੇ ਸਾਧਨ ਤੋਂ ਬਿਨਾਂ ਪੀਹਣ ਵਿਚ ਕਿੰਨੀ ਦੇਰ ਲਗਦੀ ਹੈ ਤੇ ਕਿੰਨੀ ਕੁ ਮਾਤਰਾ ਵਿਚ ਪੀਸ ਸਕਦੀ ਹੈ। ਸਿੰਘਾਂ ਦੀ ਅਦੁੱਤੀ ਬਹਾਦਰੀ ਨੂੰ ਛੁਟਿਆਉਣ ਤੇ ਆਪਣੀ ਸਿਰੇ ਦੀ ਬੇਈਮਾਨੀ ਅਤੇ ਦਗ਼ੇਬਾਜ਼ੀ ਨੂੰ ਛੁਪਾਉਣ ਦੀ ਚੇਸ਼ਟਾ ਤੋਂ ਛੁਟ ਹੋਰ ਇਹ ਕੁਝ ਵੀ ਨਹੀਂ।

ਮਾਸ ਖਾਣ ਦੀ ਗੱਲ ਨੂੰ ਵੀ ਵਿਚਾਰ ਲਵੋ। ਬੰਦਾ ਸਿੰਘ ਨੇ ਵੈਸ਼ਨਵ ਮੱਤ ਤਿਆਗ ਕੇ ਅੰਮ੍ਰਿਤ ਛਕ ਕੇ ਸਿਖੀ ਵਿਚ ਪਰਵੇਸ਼ ਕੀਤਾ ਸੀ। ਉਹ ਆਪਣੇ ਨਾਲ ਲਿਆਦੇ ਸੰਸਕਾਰਾਂ ਨੂੰ ਤਿਆਗ ਨਹੀਂ ਸਕਿਆ। ਉਸ ਦੇ ਸਾਥੀ ਵੀ ਮਾਸ ਨਹੀਂ ਸਨ ਖਾਂਦੇ। ਅੱਜ ਵੀ ਬਹੁਤ ਸਾਰੇ ਸਿਖ ਮਾਸ ਨੂੰ ਹੱਥ ਨਹੀਂ ਲਾਉਂਦੇ। ਖਾਣ ਵਾਲੇ ਵੀ


www.AKJ.Org

ਮੌਜੂਦ ਹਨ। ਉਸ ਵੇਲੇ ਤੇ ਅੱਜ ਵੀ ਦੋਵਾਂ ਧਿਰਾਂ ਵਿਚ ਕੋਈ ਟਕਰਾ ਨਹੀਂ। ਦਮਦਮੀ ਟਕਸਾਲ, ਅਖੰਡ ਕੀਰਤਨੀ ਜਥੇ ਵਾਲੇ, ਨਿਰਮਲੇ, ਕੂਕੇ ਆਦਿ ਜ਼ਿੰਦਾ ਮਿਸਾਲਾਂ ਹਨ। ਉਸ ਵੇਲੇ ਜੋ ਧਰਮਬੀਰ ਸਿੰਘ ਸੂਰਮੇ ਅੰਦਰ ਸਿਰ ਧੜਾਂ ਦੀਆਂ ਲਾਈ ਬੈਠੇ ਸਨ ਤੇ ਜਿਨ੍ਹਾ ਨੇ ਜਾਨਾਂ ਨੂੰ ਧਰਮ ਹੇਤ ਵਾਰਨੀਆਂ ਮਿਥ ਲਿਆ ਸੀ; ਉਹ ਨਗੂਣੀ ਜਿੰਦ ਬਦਲੇ ਕਿਉਂ ਘੋੜੇ ਵਢ ਵਢ ਖਾਣਗੇ? ਉਨ੍ਹਾਂ ਨੂੰ ਆਪਣੇ ਅੰਤ ਦਾ ਪਤਾ ਸੀ, ਸ਼ਹੀਦੀ ਤੇ ਕੇਵਲ ਸ਼ਹੀਦੀ। ਮੌਤ ਦਾ ਗਾਨਾ ਬੰਨ੍ਹੀ ਖੜਾ, ਕੁਝ ਸਾਹਾਂ ਦੇ ਲਾਲਚ ਲਈ ਹੋਕੇ ਲਵੇ, ਕੱਤਨ ਅਸੰਭਵ ਹੈ। ਮੁਹੰਮਦ ਕਾਸਿਮ ਦੀਆਂ ਇਹ ਸਭ ਮਨ-ਘੜਤ ਕਹਾਣੀਆਂ ਹਨ। ਤੇਗ, ਨੇਜ਼ੇ ਜਾਂ ਗੋਲੀ ਨਾਲ ਉਹ ਸਿੰਘ ਦੇ ਜ਼ਿੰਦਾ ਅਕਾਰ ਨੂੰ ਮਾਰ ਨਹੀਂ ਸਕਿਆ, ਕਲਮ ਦੀ ਨੋਕ ਨਾਲ ਸਿੰਘ ਦੇ ਕਿਰਦਾਰ ਨੂੰ ਬਰਬਾਦ ਕਰਨਾ ਚਾਹੁੰਦਾ ਹੈ। ਸਮਕਾਲੀ ਤੇ ਘੇਰੇ ਵਿਚ ਸ਼ਾਮਲ ਹੋਣ ਦੇ ਨਾਤੇ ਉਸਦੀ ਲਿਖਤ ਦੂਰ ਦਿਲੀ ਬੈਠ ਕੇ ਰੋਜ਼ਨਾਮਚਾ ਲਿਖਣ ਵਾਲੇ ਨਾਲੋਂ ਜ਼ਿਆਦਾ ਕੀਮਤੀ ਹੈ। ਪਰ ਉਸ ਨੂੰ ਇਹ ਕੋਈ ਹੱਕ ਨਹੀਂ ਪਹੁੰਚਦਾ ਕਿ ਮੌਕੇ ਦਾ ਗਵਾਹ ਹੋਣ ਦੇ ਰੁਅਬ ਵਿਚ ਉਹ ਮਨ-ਘੜਤ ਫਾਨੇ ਨਾਲ ਨਾਲ ਠੋਕ ਦੇਵੇ ਕਿ ਗੁੜ ਨਾਲ ਤੀਲੇ ਵੀ ਲੋਕ ਖਾ ਜਾਣਗੇ। ਤੀਲੇ ਲਾਜ਼ਮੀ ਬਾਹਰ ਥੁਕੇ ਜਾਣਗੇ। ਜਿਹੜੇ ਮਾਸ ਤੋਂ ਸੰਕੋਚ ਕਰਦੇ ਸਨ ਉਹ ਹੱਡੀਆਂ ਕਿਉਂ ਖਾਣ ਲੱਗੇ! ਤੇ ਫਿਰ ਹੱਡੀਆਂ ਕੋਈ ਪਤਾਸੇ ਸਨ ਜੋ ਤਲੀ ਤੇ ਭੋਰ ਕੇ ਫੱਕਾ ਮਾਰ ਲਿਆ ਹੋਵੇ? ਮੁਹੰਮਦ ਕਾਸਿਮ ਦੀ ਦਾਸਤਾਨ ਨਿਰੋਲ ਕਲਪਤ ਤੇ ਸਫੇਦ ਝੂਠ ਹੈ।

ਸਿੱਖ ਇਤਿਹਾਸ ਨਾਲ ਮੱਸ ਰੱਖਣ ਵਾਲਿਆਂ ਨੂੰ ਯਾਦ ਹੋਵੇਗਾ ਕਿ ਗੁਰਦਾਸ ਨੰਗਲ ਦੇ ਘੇਰੇ ਤੋਂ ਦਸ ਸਾਲ ਪਹਿਲਾਂ ਅਨੰਦਪੁਰ ਸਾਹਿਬ ਨੂੰ ਵੀ ਮੁਗ਼ਲ ਫੌਜਾਂ ਨੇ 8 ਮਹੀਨਿਆਂ ਤੋਂ ਵਧ ਘੇਰੀ ਰਖਿਆ ਸੀ। ਭੁਖ ਹਥੋਂ ਆਤਰ ਹੋ ਕੇ ਕਈ ਸਿੰਘ ਕਲਗੀਧਰ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ। ਗੁਰਦਾਸ ਨੰਗਲ ਵਰਗੀ ਹੀ ਅੰਨ ਦੀ ਘਾਟ ਉਹਨਾਂ ਨੂੰ ਆਈ ਸੀ। ਓਦੋਂ ਨਹੀਂ ਸੀ ਸਿੰਘਾਂ ਘੋੜੇ ਬਲਦ ਵੱਢ ਕੇ ਖਾਧੇ ਤੇ ਹੱਡੀਆਂ ਪੀਸ ਕੇ ਫੱਕੀਆਂ। ਮੁਹੰਮਦ ਕਾਸਿਮ, ਮਿਰਜ਼ਾ ਮੁਹੰਮਦ ਹਾਰਿਸੀ, ਖ਼ਾਫੀ ਖ਼ਾਨ, ਮੁਹੰਮਦ ਹਾਦੀ ਕਾਮਵਰ ਖਾਨ ਵਰਗੇ ਓਦੋਂ ਵੀ ਜ਼ਿੰਦਾ ਸਨ। ਇਹ ਖਚਰੇ ਸਨ ਤੇ ਜਾਣਦੇ ਸਨ ਕਿ ਦਸਮੇਸ਼ ਜੀ ਦੀ ਜ਼ਾਤ-ਇ-ਆਲੀ ਨਾਲ ਕਿਸੇ ਵੀ ਕਿਸਮ ਦਾ ਕੋਈ ਝੂਠ ਜੁੜ ਨਹੀਂ ਸਕਣਾ।

ਸਿਖ ਇਤਿਹਾਸ ਦੇ ਬਹੁਮੁਲੇ ਗ੍ਰੰਥ, ਜਿਵੇਂ ਕਿ ਮਹਿਮਾ ਪ੍ਰਕਾਸ਼ ਲਿਖਤ ਸਰੂਪ ਦਾਸ ਭਲਾ, ਸ: ਰਤਨ ਸਿੰਘ ਭੰਗੂ ਦਾ ਪ੍ਰਾਚੀਨ ਪੰਥ ਪ੍ਰਕਾਸ਼, ਕਵੀ ਸੰਤੋਖ ਸਿੰਘ ਦਾ ਸੂਰਜ ਪ੍ਰਕਾਸ਼, ਗਿਆਨੀ ਗਿਆਨ ਸਿੰਘ ਦੁਆਰਾ ਰਚਿਤ ਪੰਥ ਪ੍ਰਕਾਸ਼ ਤੇ ਸਿਖ ਇਤਿਹਾਸ ਹਿੱਸਾ ਦੂਜਾ, ਸ: ਕਰਮ ਸਿੰਘ ਰਚਿਤ ਬੰਦਾ ਸਿੰਘ ਬਹਾਦਰ ਦਾ ਸੰਖੇਪ ਜੀਵਨ ਇਸ ਬਾਰੇ ਕੋਈ ਜ਼ਿਕਰ ਨਹੀਂ ਕਰਦੇ। ਅੰਗਰੇਜ਼ ਤੇ ਹਿੰਦੂ ਲਿਖਾਰੀਆਂ ਨੇ ਮੁਹੰਮਦ ਕਾਸਿਮ ਆਦਿ ਦੀਆਂ ਕਲਪਤ ਕਹਾਣੀਆਂ ਨੂੰ ਅੰਜੀਲ ਤੇ ਗੀਤਾ ਸਮਝ ਕੇ ਗਲਾਂ ਵਿਚ ਲਟਕਾ ਲਿਆ ਹੈ। ਸੂਝਵਾਨ ਪਾਠਕ ਇਨ੍ਹਾਂ ਮੁਰਦਾ ਜ਼ਮੀਰ ਲੋਕਾਂ ਦੀਆਂ ਬੇ-ਬੁਨਿਆਦ ਕਹਾਣੀਆਂ ਨੂੰ ਬੜੀ ਇਹਤਿਆਤ ਨਾਲ ਪੜ੍ਹਨ।

---

## ਭਾ: ਸਾ: ਭਾਈ ਰਣਧੀਰ ਸਿੰਘ ਨਿਤਨੇਮ ਉਤਸ਼ਾਹਤ ਸਕੀਮ

ਹਰ ਸਾਲ ਵਾਂਗ ਇਸ ਸਕੀਮ ਅਧੀਨ ਪ੍ਰਾਇਮਰੀ ਤੋਂ ਕਾਲਜ ਤਕ ਦੀ ਤਾਲੀਮ ਪਾ ਰਹੇ ਅੰਮ੍ਰਿਤਧਾਰੀ ਬੱਚੇ ਬੱਚੀਆਂ ਦੀ ਪ੍ਰੀਖਿਆ ਦਿੱਲੀ ਦੁਸਹਿਰੇ ਕੀਰਤਨ ਸਮਾਗਮ ਸਮੇਂ ਹੋਵੇਗੀ। ਪ੍ਰੀਖਿਆ ਵਿਚ ਸ਼ਾਮਲ ਹੋਣ ਵਾਲੇ ਬੱਚੇ ਲੁੜੀਂਦੇ ਫਾਰਮ 'ਸਕੱਤ੍ਰ ਭਾਈ ਸਾਹਿਬ ਰਣਧੀਰ ਸਿੰਘ ਟ੍ਰਸਟ, ੨੩-ਜੀ, ਸਰਾਭਾ ਨਗਰ, ਲੁਧਿਆਣਾ' ਤੋਂ ਮੰਗਾਵਾ ਕੇ, ਠੀਕ ਢੰਗ ਨਾਲ ਭਰ ਕੇ ਵਾਪਸ ਉਸੇ ਪਤੇ ਤੇ ਲੁਧਿਆਣੇ ੩੦ ਸਤੰਬਰ ਤਕ (ਵਕਤ ਸਿਰ) ਭੇਜ ਦੇਣ।

ਖਾਲਸਾ ਜੀ ਦਾ ਸੇਵਕ—ਜਥੇਦਾਰ, ਅਖੰਡ ਕੀਰਤਨੀ ਜਥਾ



www.AKJ.Org

# ਬਾਬਾ ਬੁੱਢਾ ਜੀ

[ਸ: ਰੂਪ ਸਿੰਘ ਜੀ, ਐਡੀਟਰ, ਗੁਰਮਤਿ ਪ੍ਰਕਾਸ਼]

ਉਠੰਦਿਆਂ, ਬਹੰਦਿਆਂ, ਸਵੰਦਿਆਂ ਨਾਮ ਸਿਮਰਨ ਵਿਚ ਲੀਨ, ਗੁਰਸਿੱਖ ਜੀਅੜੇ ਬਾਬਾ **ਬੁੱਢਾ ਜੀ** ਦਾ ਜਨਮ ੨੨ ਅਕਤੂਬਰ ੧੫੦੬ ਈ: ਨੂੰ ਮਾਤਾ ਗੌਰਾਂ ਜੀ ਦੀ ਕੁਖੋਂ, ਭਾਈ ਸੁੱਘੇ ਰੰਧਾਵੇ ਦੇ **ਘਰ ਪਿੰਡ ਕੱਥੂ** ਨੰਗਲ ਵਿਚ ਹੋਇਆ। ਆਪ ਜੀ ਦਾ ਪਹਿਲਾ ਨਾਂ 'ਬੂੜਾ' ਸੀ। ਤੇਜ਼ ਬੁਧੀ, ਗੰਭੀਰ ਸੁਭਾਅ ਦੇ **ਮਾਲਕ ਬਾਬਾ** ਜੀ ਦਾ ਬਾਲਪਨ ਕੱਥੂ-ਨੰਗਲ ਵਿਚ ਬੀਤਿਆ। ਫਿਰ ਆਪਣੇ ਮਾਤਾ-ਪਿਤਾ ਨਾਲ ਰਮਦਾਸ ਆ ਗਏ। ਇਥੇ ਬਾਬਾ ਜੀ ਦਾ ਮਿਲਾਪ ੧੫੧੮ ਈ: ਵਿਚ ਜਗਤ-ਗੁਰੂ, ਗੁਰੂ ਨਾਨਕ ਸਾਹਿਬ ਨਾਲ ਹੋਇਆ। ਗੁਰੂ ਚਰਨਾਂ ਦੀ ਛੋਹ ਸਦਕਾ ਬਾਬਾ ਬੁੱਢਾ ਜੀ ਖੁਸ਼ੀਆਂ-ਖੇੜਿਆਂ ਵਿਚ ਜੀਵਨ ਬਿਤਾਉਣ ਲੱਗੇ। ਗੁਰੂ ਨਾਨਕ ਸਾਹਿਬ ਦੀ ਸੰਗਤ ਤੋਂ ਪਿਛੋਂ ਆਪ ਜੀ ਦਾ ਨਾਂ ਬਾਬਾ ਬੁੱਢਾ ਪ੍ਰਚੱਲਤ ਹੋ ਗਿਆ। ਇਸ ਸਮੇਂ ਬਾਬਾ ਜੀ ਦੀ ਉਮਰ ੧੨ ਸਾਲ ਦੇ ਲਗ-ਪਗ ਸੀ।

ਕੁਝ ਸਮੇਂ ਪਿਛੋਂ ਬਾਬਾ ਜੀ ਘਰ-ਪਰਿਵਾਰ ਨੂੰ ਛੱਡ ਕਰਤਾਰਪੁਰ (ਰਾਵੀ) ਵਿਚ ਗੁਰੂ-ਸੰਗਤ ਦੀ ਸੇਵਾ ਵਿਚ ਲੀਨ ਹੋ ਗਏ। ਇਸ ਤਰ੍ਹਾਂ ਗੁਰੂ ਘਰ ਦੀ ਸੇਵਾ ਕਰਦਿਆਂ ਕਾਫੀ ਸਮਾਂ ਬੀਤ ਗਿਆ। ਬਾਬਾ ਜੀ ਨੇ **ਆਪਣਾ ਜੀਵਨ**-ਮਿਸ਼ਨ ਗੁਰੂ ਘਰ ਦੀ ਸੇਵਾ ਤੇ ਸਿਮਰਨ ਕਰਦਿਆਂ ਜੀਵਨ-ਮੁਕਤ ਹੋਣ ਦਾ ਬਣਾ ਲਿਆ। ਬਾਬਾ **ਜੀ ਗ੍ਰਿਹਸਤ** ਮਾਰਗ ਦੇ ਪਾਂਧੀ ਨਹੀਂ ਸਨ ਬਣਨਾ ਚਾਹੁੰਦੇ, ਪਰ ਮਾਤਾ-ਪਿਤਾ ਦੀਆਂ ਇਛਾਵਾਂ ਦਾ ਸਤਿਕਾਰ ਕਰਦਿਆਂ ੧੫੩੮ ਈ: ਵਿਚ ਬੀਬੀ ਮਿਰੋਆ ਨਾਲ ਸ਼ਾਦੀ ਕਰ ਲਈ। ਇਹ ਵੀ ਕਿਹਾ ਜਾਂਦਾ ਹੈ ਕਿ ਬਾਬਾ ਜੀ ਦੀ ਬਰਾਤ ਵਿਚ ਕਿਸੇ ਕਾਰਨ-ਵਸ ਗੁਰੂ ਨਾਨਕ ਸਾਹਿਬ ਆਪ ਤਾਂ ਨਾ ਜਾ ਸਕੇ ਪਰ ਉਨ੍ਹਾਂ ਦੇ ਦੋਨੋਂ ਸਾਹਿਬਜ਼ਾਦੇ ਸ਼ਾਮਲ ਹੋਏ। ਬਾਬਾ ਜੀ ਦੇ ਘਰ ਚਾਰ ਪੁਤਰ ਪੈਦਾ ਹੋਏ। ਕੁਝ ਸਮਾਂ ਪਰਿਵਾਰ ਨਾਲ ਬਸਰ ਕਰ, ਬਾਬਾ ਜੀ ਫਿਰ ਗੁਰੂ-ਸੰਗਤ ਦੀ ਸੇਵਾ ਵਿਚ ਲਗ ਗਏ। ਇਸ ਸਮੇਂ ਤਕ ਭਾਈ ਲਹਿਣਾ ਜੀ ਵੀ, ਜੋ ਪਹਿਲਾਂ ਦੇਵੀ-ਭਗਤ ਸਨ ਗੁਰਮਤਿ ਮਾਰਗ ਦੇ ਪਾਂਧੀ ਬਣ ਚੁਕੇ ਸਨ।

ਗੁਰੂ ਨਾਨਕ ਦੇਵ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ, ਜੋਤਿ ਭਾਈ ਲਹਿਣੇ ਵਿਚ ਪਰਵਿਰਤ ਕਰ ਦਿੱਤੀ। ਜੂਨ ੧੫੩੯ ਈ: ਵਿਚ ਉਨ੍ਹਾਂ ਨੂੰ ਆਪਣਾ 'ਅੰਗ' ਜਾਣ ਗੁਰੂ ਅੰਗਦ ਦੇਵ ਬਣਾ ਦਿੱਤਾ। ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾ, ਆਪ ਗੁਰੂ ਨਾਨਕ ਸਾਹਿਬ ਜੀ ਨੇ 'ਗੁਰੂ-ਜੋਤਿ' ਨੂੰ ਮੱਥਾ ਟੇਕਿਆ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆਂ ਖਡੂਰ ਸਾਹਿਬ ਵਿਖੇ ਨਵੀਂ ਧਰਮਸਾਲ ਸਥਾਪਤ ਕੀਤੀ। ਆਰੰਭ ਵਿਚ ਗੁਰੂ ਜੀ 'ਗੁਰ-ਗੱਦੀ' ਦੇ ਝਗੜੇ ਕਾਰਨ ਮਾਤਾ ਵਿਰਾਈ ਪਾਸ ਗੁਪਤ-ਵਾਸ ਹੋ ਗਏ। ਸੰਗਤਾਂ ਗੁਰੂ-ਦਰਸ਼ਨਾਂ ਲਈ ਬਿਹਬਲ ਹੋ ਉਠੀਆਂ। ਸੰਗਤਾਂ ਨੇ ਬਾਬਾ ਬੁੱਢਾ ਜੀ ਦੀ ਸੁਚੱਜੀ ਅਗਵਾਈ ਵਿਚ ਗੁਰੂ-ਦਰਸ਼ਨ ਕਰ ਤ੍ਰਿਪਤੀ ਪ੍ਰਾਪਤ ਕੀਤੀ। ਬਾਬਾ ਜੀ ਨੇ ਕਰਤਾਰਪੁਰ ਵਾਂਗ ਹੀ ਇਥੇ 'ਗੁਰ-ਸੰਗਤ' ਦੀ ਸੇਵਾ ਵਿਚ ਆਪਾ ਸਮਰਪਣ ਕਰ ਦਿੱਤਾ। ਬਾਬਾ ਜੀ ਨੇ ਗੁਰੂ ਹੁਕਮ ਸਦਕਾ ਗੁਰਮਤਿ ਮਾਰਗ ਦੇ ਪਾਂਧੀਆਂ ਨੂੰ ਗੁਰਮੁਖੀ ਲਿੱਪੀ ਵਿਚ ਵਿਦਿਆ ਦੇਣੀ ਤੇ ਲੰਗਰ ਦੀ ਸੇਵਾ ਕਰਨੀ ਸ਼ੁਰੂ ਕੀਤੀ।

ਆਪਣਾ ਅੰਤਮ ਸਮਾਂ ਨੇੜੇ ਆਇਆ ਜਾਣ, ਗੁਰੂ ਅੰਗਦ ਦੇਵ ਜੀ ਨੇ ਸ਼ਰਧਾ, ਪ੍ਰੇਮ, ਸੇਵਾ ਤੇ ਕੁਰਬਾਨੀ ਦੇ ਪੁੰਜ (ਗੁਰੂ) ਅਮਰਦਾਸ ਜੀ ਨੂੰ ਗੁਰ-ਗੱਦੀ ਦੀ ਜ਼ਿਮੇਵਾਰੀ ਸੌਂਪ, ਬਾਬਾ ਬੁੱਢਾ ਜੀ ਤੋਂ ਗੁਰਿਆਈ ਦਾ ਤਿਲਕ ਲਗਵਾਇਆ। ਗੁਰੂ ਅਮਰਦਾਸ ਜੀ ਨੇ 'ਗੁਰੂ' ਹੁਕਮ ਅਨੁਸਾਰ ਗੋਇੰਦਵਾਲ ਨੂੰ ਸਿਖੀ ਦਾ ਨਵਾਂ ਪ੍ਰਚਾਰ ਤੇ ਪ੍ਰਸਾਰ ਕੇਂਦਰ ਬਣਾਇਆ। ਗੁਰ-ਗੱਦੀ ਤੇ ਦਾਤੂ ਨੇ ਆਪਣਾ ਵਿਰਾਸਤੀ ਹੱਕ ਜਿਤਾਉਂਦਿਆਂ ਗੁਰੂ ਜੀ ਨਾਲ ਝਗੜਾ ਸ਼ੁਰੂ ਕਰ ਦਿੱਤਾ। ਗੁਰੂ ਜੀ ਗੋਇੰਦਵਾਲ ਛੱਡ ਬਾਸਰਕੇ ਆ ਗਏ ਤੇ ਇਕ ਕੋਠੇ ਵਿਚ ਬੈਠ ਬਾਹਰੋਂ ਬੂਹਾ ਬੰਦ ਕਰਵਾ, ਬੰਦਗੀ ਕਰਨ ਲਗ ਪਏ। ਗੋਇੰਦਵਾਲ ਸੰਗਤਾਂ ਗੁਰੂ-ਦਰਸ਼ਨਾਂ ਲਈ ਹੁਮ-ਹੁਮਾ ਕੇ



www.AKJ.Org

ਆਉਂਦੀਆਂ, ਪਰ ਗੁਰੂ-ਦਰਸ਼ਨਾਂ ਤੋਂ ਬਿਨਾਂ ਸੰਗਤਾਂ ਵਿਆਕੁਲ ਹੋ ਉਠੀਆਂ। ਸੰਗਤਾਂ ਨੇ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ। ਬਾਬਾ ਜੀ ਗੁਰੂ ਹੁਕਮ ਦੀ ਅਵੱਗਿਆ ਵੀ ਨਹੀਂ ਸਨ ਕਰਨੀ ਚਾਹੁੰਦੇ ਤੇ ਸੰਗਤਾਂ ਦੀ ਸਿੱਕ ਨੂੰ ਵੀ ਤ੍ਰਿਪਤ ਕਰਨਾ ਜ਼ਰੂਰੀ ਸੀ। ਕੁਝ ਸਮਾਂ ਸੋਚ-ਵਿਚਾਰ ਕਰ ਬਾਬਾ ਬੁੱਢਾ ਜੀ ਨੇ ਪਿਛਲੇ ਪਾਸਿਓਂ ਸੰਨ੍ਹ ਲਾ ਗੁਰੂ ਚਰਨਾਂ ਤੇ ਸੀਸ ਝੁਕਾਇਆ ਤੇ ਹੁਕਮ-ਅਦੂਲੀ ਦੀ ਭੁਲ ਲਈ ਖਿਮਾ ਜਾਚਨਾ ਕੀਤੀ। ਗੁਰੂ ਜੀ ਬਾਬਾ ਜੀ ਦੀ ਸ਼ਰਧਾ ਤੇ ਸੂਖਮ ਸੂਝ ਅਤੇ ਲਿਆਕਤ ਤੋਂ ਬਹੁਤ ਪ੍ਰਭਾਵਤ ਹੋਏ। ਗੁਰੂ ਜੀ ਸੰਗਤ ਦੀ ਬੇਨਤੀ ਪਰਵਾਨ ਕਰ ਗੋਇੰਦਵਾਲ ਸਾਹਿਬ ਵਾਪਸ ਆ ਗਏ।

ਗੁਰੂ ਅਮਰਦਾਸ ਜੀ ਨੇ ਜਦ ਵੇਖਿਆ ਕਿ ਸੁਚ-ਭਿਟ, ਊਚ-ਨੀਚ ਤੇ ਛੂਤ-ਛਾਤ ਕਾਰਨ ਮਨੁੱਖ, ਮਨੁੱਖ ਨੂੰ ਘਿਰਣਾ ਕਰਦਾ ਹੈ, ਤਾਂ ਉਹਨਾਂ ਇਸ ਦੇ ਸਦੀਵੀ ਹੱਲ ਲਈ ਬਾਉਲੀ ਬਣਾਉਣੀ ਚਾਹੀ ਜਿਥੋਂ ਹਰ ਧਰਮ, ਹਰ ਜ਼ਾਤ, ਹਰ ਇਲਾਕੇ ਦਾ ਮਨੁੱਖ ਇਸ਼ਨਾਨ ਕਰ ਵਿਤਕਰਿਆਂ-ਰੂਪੀ ਚੋਰਾਸੀ ਤੋਂ ਮੁਕਤ ਹੋ ਸਕੇ। ਗੁਰੂ ਜੀ ਨੇ ੧੫੫੨ ਈ: ਵਿਚ ਬਾਬਾ ਬੁੱਢਾ ਜੀ ਪਾਸੋਂ ਬਾਉਲੀ ਦਾ ਆਦਿ ਟੱਪ ਲਗਵਾਇਆ। ਇਸ ਪਵਿੱਤਰ ਕਾਰਜ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਵੀ ਬਾਬਾ ਬੁੱਢਾ ਜੀ ਨੂੰ ਸੌਂਪੀ ਗਈ।

ਗੁਰੂ ਅਮਰਦਾਸ ਜੀ ਨੇ ਸਿੱਖੀ ਦੇ ਪ੍ਰਚਾਰ-ਖੇਤਰ ਨੂੰ ਵਧਾਉਣ ਤੇ ਨਿਯਮ-ਬੱਧ ਕਰਨ ਹਿਤ ੨੨ ਮੰਜੀਆਂ ਦੀ ਅਸਥਾਪਨਾ ਕੀਤੀ। ਇਸ ਮੰਜੀ-ਪ੍ਰਥਾ ਦੇ ਮੁਖ ਪ੍ਰਬੰਧਕ ਵੀ ਬਾਬਾ ਬੁੱਢਾ ਜੀ ਹੀ ਸਨ।

ਬਾਦਸ਼ਾਹ ਅਕਬਰ ਜਦ ਪਹਿਲੀ ਵਾਰ ਗੁਰੂ-ਦਰਸ਼ਨਾਂ ਲਈ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਤਾਂ ਬਾਬਾ ਬੁਢਾ ਜੀ ਨੇ ਹੀ ਬਾਦਸ਼ਾਹ ਨੂੰ 'ਨਿਰਮਲ ਪੰਥ' ਦੀ ਨਿਰਮਲਤਾ ਤ ਮਰਯਾਦਾ ਤੋਂ ਜਾਣੂ ਕਰਵਾਇਆ। ਬਾਦਸ਼ਾਹ ਗੁਰੂ ਕੇ ਲੰਗਰ 'ਚੋਂ ਪ੍ਰਸ਼ਾਦ ਛਕ, 'ਗੁਰੂ ਸੰਗਤ' ਦੇ ਦਰਸ਼ਨ ਕਰ ਬਹੁਤ ਪ੍ਰਭਾਵਿਤ ਹੋਇਆ।

ਗੁਰੂ ਅਮਰਦਾਸ ਜੀ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰੀ ਗੁਰ-ਗੱਦੀ ਦੇ ਯੋਗ ਅਧਿਕਾਰੀ ਨਿਸ਼ਕਾਮ ਸੇਵਕ (ਗੁਰੂ) ਰਾਮਦਾਸ ਜੀ ਨੂੰ ਗੁਰਗੱਦੀ ਤੇ ਬਿਰਾਜਮਾਨ ਕਰ ਬਾਬਾ ਬੁੱਢਾ ਜੀ ਪਾਸੋਂ ਗੁਰਿਆਈ ਦਾ ਤਿਲਕ ਲਗਵਾਇਆ। ਕੁਝ ਸਮੇਂ ਪਿਛੋਂ ਗੁਰੂ ਅਮਰਦਾਸ ਜੀ 'ਜੋਤੀ-ਜੋਤਿ' ਸਮਾ ਗਏ। ਬਾਬਾ ਬੁੱਢਾ ਜੀ ਨੇ ਗੁਰੂ ਜੀ ਦੀਆਂ ਅੰਤਮ ਰਸਮਾਂ ਆਪਣੇ ਹੱਥੀਂ ਕੀਤੀਆਂ।

ਗੁਰੂ ਰਾਮਦਾਸ ਜੀ ਨੇ ਗੁਰੂ ਹੁਕਮ ਦੀ ਪਾਲਣਾ ਕਰਦਿਆਂ 'ਰਾਮਦਾਸ ਪੁਰ' ਦੀ ਅਸਥਾਪਨਾ ਕਰ, ਬਾਬਾ ਬੁੱਢਾ ਜੀ ਤੋਂ ਅੰਮ੍ਰਿਤ ਸਰੋਵਰ ਦਾ ਟੱਕ ਲਗਵਾ, ਬਾਬਾ ਜੀ ਨੂੰ ਇਸ ਮਹਾਨ ਸੇਵਾ ਦਾ ਮੁਖ ਸੇਵਾਦਾਰ ਨਿਯੁਕਤ ਕੀਤਾ। ਜਿਸ ਸਥਾਨ ਤੇ ਬੈਠ ਬਾਬਾ ਜੀ ਪਾਵਨ ਸਰੋਵਰ ਦੀ ਸੇਵਾ ਕਰਵਾਇਆ ਕਰਦੇ ਸਨ, ਉਹ ਥਾਂ ਸ੍ਰੀ ਦਰਬਾਰ ਸਾਹਿਬ ਵਿਚ 'ਬੇਰ—ਬਾਬਾ ਬੁੱਢਾ' ਜੀ ਅਜ ਵੀ ਸੁਰੱਖਿਅਤ ਹੈ।

ਗੁਰੂ ਰਾਮਦਾਸ ਜੀ ਨੇ ਆਪਣੇ ਛੋਟੇ ਸਪੁੱਤਰ (ਗੁਰੂ) ਅਰਜਨ ਦੇਵ ਜੀ ਨੂੰ 'ਗੁਰਗਦੀ' ਦੀ ਜ਼ਿੰਮੇਵਾਰੀ ਸੌਂਪ, ਬਾਬਾ ਬੁੱਢਾ ਜੀ ਤੋਂ ਗੁਰਿਆਈ ਦੀਆਂ ਰਸਮਾਂ ਪੂਰੀਆਂ ਕਰਵਾ ਆਪ ਪ੍ਰਭੂ-ਚਰਨਾਂ ਵਿਚ ਜਾ ਬਿਰਾਜੇ। ਗੁਰੂ ਅਰਜਨ ਦੇਵ ਜੀ ਨੇ ਬਾਬਾ ਬੁੱਢਾ ਜੀ ਨੂੰ ਸਮੁੱਚੀ ਉਸਾਰੀ ਦੇ ਕੰਮਾਂ ਦਾ ਪ੍ਰਬੰਧ ਸੰਭਾਲ ਦਿੱਤਾ। ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾਤਾ ਪ੍ਰਿਥੀ ਚੰਦ ਨੇ ਗੁਰਗੱਦੀ ਤੇ ਹੱਕ ਜਮਾਉਣਾ ਚਾਹਿਆ। ਇਸ ਸੁਆਰਥ ਲਈ ਉਸ ਨੇ ਹਰ ਹੀਲੇ ਸੰਗਤਾਂ ਨੂੰ ਗੁਮਰਾਹ ਕਰਨਾ ਚਾਹਿਆ। ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਇਸ ਗੁਮਰਾਹ-ਕੁੰਨ ਪ੍ਰਚਾਰ ਤੋਂ ਸੰਗਤਾਂ ਨੂੰ ਸੁਚੇਤ ਕਰ, ਗੁਰੂ ਘਰ ਨਾਲ ਜੋੜੀ ਰਖਿਆ।

ਗੁਰੂ ਅਰਜਨ ਦੇਵ ਜੀ ਨੇ ਸਮੁੱਚੀ ਮਾਨਵਤਾ ਦੇ ਉਦਾਰ ਹਿਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਤਿਆਰ ਕੀਤਾ। ਕਾਫ਼ੀ ਸੋਚ ਵਿਚਾਰ ਕਰ, ਗੁਰੂ ਜੀ ਨ ਬਾਬਾ ਬੁੱਢਾ ਜੀ ਨੂੰ ਹੀ ਮੁਖ ਗ੍ਰੰਥੀ ਦੀ ਸੇਵਾ ਸੌਂਪਣ ਦਾ ਫੈਸਲਾ ਲਿਆ। ਗੁਰ-ਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿਚ–

ਕਰਤ ਵਿਚਾਰ ਇਹ ਠਹਰਾਈ। ਬੁਢਾ ਜੀ ਸੇਵਾ ਨਿਪੁਨਾਈ।
ਗੁਰੂ ਨਾਨਕ ਇਨ ਦਰਸ਼ਨ ਕਰੇ। ਸੇਵਾ ਮੈਂ ਅਤਿ ਹਿਤ ਇਹ ਧਰੇ।


www.AKJ.Org

ਮਹਾਰਾਜ ਦੇ ਸਰੂਪ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ ਤਾਂ ਮੁੱਖ-ਗ੍ਰੰਥੀ ਬਾਬਾ ਬੁੱਢਾ ਜੀ ਨੇ ਹੀ ਪਹਿਲਾ ਵਾਕ ਸੰਗਤਾਂ ਨੂੰ ਸਰਵਣ ਕਰਵਾਇਆ।

ਜਿਸ ਸਮੇਂ ਗੁਰੂ ਅਰਜਨ ਦੇਵ ਜੀ ਨੇ ਮਾਝੇ-ਦੁਆਬੇ ਦਾ ਪ੍ਰਚਾਰ-ਦੌਰਾ ਕੀਤਾ, ਬਾਬਾ ਬੁੱਢਾ ਜੀ ਗੁਰੂ ਆਗਿਆ ਸਦਕਾ ਕੁਝ ਸਮੇਂ ਪਿਛੋਂ 'ਬੀੜ' ਵਿਚ ਚਲੇ ਗਏ—ਇਹ ਬੀੜ ਗੁਰੂ ਘਰ ਦੇ ਇਕ ਸ਼ਰਧਾਲੂ ਨੇ ਗੁਰੂ-ਘਰ ਦੇ ਮਾਲ-ਡੰਗਰ ਲਈ ਰਾਖਵੀਂ ਰੱਖੀ ਸੀ।

ਮਾਤਾ ਗੰਗਾ ਜੀ ਦੀ ਖ਼ਾਹਸ਼ ਨੂੰ ਪੂਰਾ ਕਰਨ ਹਿਤ ਗੁਰੂ ਜੀ ਨੇ ਮਾਤਾ ਜੀ ਨੂੰ ਬਾਬਾ ਬੁੱਢਾ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਲਈ ਕਹਿ, ਬਾਬਾ ਜੀ ਦੀ ਮਹਾਨ ਸ਼ਖਸੀਅਤ ਨੂੰ ਸਤਿਕਾਰ ਬਖਸ਼ਸ਼ ਕੀਤਾ। ਪ੍ਰਭੂ-ਕਿਰਪਾ ਸਦਕਾ ਮਾਤਾ ਜੀ ਦੀ ਖਾਹਸ਼ (ਗੁਰੂ) ਹਰਿਗੋਬਿੰਦ ਜੀ ਦੇ ਆਗਮਨ ਨਾਲ ਪੂਰੀ ਹੋਈ। ਜਦੋਂ ਬਾਲ ਹਰਿਗੋਬਿੰਦ ਪੰਜ ਸਾਲ ਦੇ ਹੋਏ ਤਾਂ ਉਨ੍ਹਾਂ ਨੂੰ ਹਰ ਖੇਤਰ ਵਿਚ ਪ੍ਰਬੀਨ ਬਣਾਉਣ ਲਈ ਬਾਬਾ ਬੁੱਢਾ ਜੀ ਦੀਆਂ ਹੀ ਸੇਵਾਵਾਂ ਲਈਆਂ ਗਈਆਂ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਪਿਛੋਂ ਗੁਰੂ-ਹੁਕਮ ਅਨੁਸਾਰ ਬਾਬਾ ਬੁੱਢਾ ਜੀ ਨੇ (ਗੁਰੂ) ਹਰਿਗੋਬਿੰਦ ਜੀ ਨੂੰ ਗੁਰਿਆਈ ਦਾ ਤਿਲਕ ਦਿਤਾ ਤੇ ਮੀਰੀ-ਪੀਰੀ ਦੀਆਂ ਤਲਵਾਰਾਂ ਪਹਿਨਾਈਆਂ, ਤਾਂ ਜੁ ਜ਼ਾਲਮ ਤੇ ਜਾਬਰ ਹਕੂਮਤ ਦੀਆਂ ਵਧੀਕੀਆਂ ਦਾ ਮੁਕਾਬਲਾ ਕੀਤਾ ਜਾ ਸਕੇ। ਗੁਰੂ ਹਰਿਗੋਬਿੰਦ ਜੀ ਨੇ ਆਪਣੇ ਸ਼ਹੀਦ ਗੁਰੂ-ਪਿਤਾ ਦੀਆਂ ਇਛਾਵਾਂ ਅਨੁਸਾਰ ਹਰ ਤਰ੍ਹਾਂ ਤਿਆਰੀ ਸ਼ੁਰੂ ਕਰ ਦਿਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਬਾਬਾ ਬੁੱਢਾ ਜੀ ਤੋਂ ਰਖਵਾਈ ਤੇ ਸੰਗਤਾਂ ਨੂੰ ਫ਼ੁਰਮਾਨ ਜਾਰੀ ਕੀਤਾ ਗਿਆ ਕਿ ਗੁਰੂ-ਦਰਬਾਰ ਵਿਚ ਚੰਗੇ ਸ਼ਸਤਰ, ਵਧੀਆ ਘੋੜੇ ਤੇ ਉਠਦੀਆਂ ਜਵਾਨੀਆਂ ਦੀਆਂ ਭੇਟਾਵਾਂ ਲੈ ਕੇ ਹਾਜ਼ਰ ਹੋਣ।

ਪਰ ਦੂਸਰੇ ਪਾਸੇ ਮੁਗਲ ਹਕੂਮਤ ਨੂੰ ਇਹ ਕਿਸ ਤਰ੍ਹਾਂ ਭਾ ਸਕਦਾ ਸੀ ਕਿ ਉਨ੍ਹਾਂ ਦੇ ਸਮਾਨਤਰ ਕੋਈ ਸਰਕਾਰ ਬਣਾ, ਫ਼ੁਰਮਾਨ ਜਾਰੀ ਕਰੇ। ਸਮੇਂ ਦੀ ਹਕੂਮਤ ਦੇ ਅੰਦੇਸ਼ ਮੁਤਾਬਕ ਗੁਰੂ ਜੀ ਨੂੰ ਕੈਦ ਕਰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਦਿੱਤਾ ਗਿਆ। ਬਾਬਾ ਬੁੱਢਾ ਜੀ ਨੇ 'ਸਤਿਗੁਰਾਂ' ਦੀ ਯਾਦ ਤਾਜ਼ਾ ਰੱਖਣ ਲਈ ਚੌਂਕੀ ਸਾਹਿਬ ਦੀ ਰੀਤ ਚਲਾਈ, ਜੋ ਅਜ ਤਕ ਨਿਰੰਤਰ ਜਾਰੀ ਹੈ। ਚੌਂਕੀ ਸਾਹਿਬ ਦੀ ਮਹਾਨਤਾ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਲਗ ਸਕਦਾ ਹੈ ਕਿ ਇਹ ਚੌਂਕੀ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਅੰਦਰਲੀ ਦਲੀਜ਼ ਤੇ ਪੁਜਦੀ ਹੈ ਤਾਂ ਕੀਰਤਨ ਬੰਦ ਕਰ ਦਿੱਤਾ ਜਾਂਦਾ ਹੈ।

ਬਾਬਾ ਬੁੱਢਾ ਜੀ ਮਾਤਾ ਜੀ ਦੇ ਹੁਕਮ ਅਨੁਸਾਰ ਗਵਾਲੀਅਰ ਗਏ। ਪਰ ਸਮੇਂ ਦੇ ਹਾਕਮਾਂ ਨੇ ਜਦੋਂ ਬਾਬਾ ਜੀ ਨੂੰ ਗੁਰੂ-ਦਰਸ਼ਨ ਕਰਨ ਦੀ ਆਗਿਆ ਨਾ ਦਿਤੀ ਤਾਂ ਬਾਬਾ ਜੀ ਗੁਰੂ-ਜਸ ਕਰਦੇ ਹੋਏ ਕਿਲ੍ਹੇ ਦੀ ਪ੍ਰਕਰਮਾ ਕਰਨ ਲਗ ਪਏ। ਗੁਰੂ ਜੀ ਦੀ ਰਿਹਾਈ ਹੋਈ ਤਾਂ ਬਾਬਾ ਜੀ ਨੇ ਗੁਰੂ ਜੀ ਦੇ ਦਰਸ਼ਨ ਕਰ ਸੰਗਤਾਂ ਦੀ ਬਿਹਬਲਤਾ ਦਰਸਾਈ। ਗੁਰੂ ਜੀ ਨੇ ਫ਼ੁਰਮਾਇਆ, "ਬਾਬਾ ਜੀ, ਆਪ ਜੀ ਨੇ ਏਨੀ ਖੇਚਲ ਕਿਉਂ ਕੀਤੀ, ਅਸਾਂ ਤਾਂ ਆ ਹੀ ਜਾਣਾ ਸੀ।" ਅਸਲ ਵਿਚ ਇਸ ਸਮੇਂ ਬਾਬਾ ਜੀ ਬਹੁਤ ਹੀ ਬਿਰਧ ਹੋ ਚੁੱਕੇ ਸਨ। ਗੁਰੂ ਜੀ ਤੋਂ ਬਾਬਾ ਜੀ ਆਗਿਆ ਪ੍ਰਾਪਤ ਕਰਕੇ ਆਪਣੇ ਪਿੰਡ ਰਮਦਾਸ ਆ ਗਏ। ਬਾਬਾ ਜੀ ਨੇ ਆਪਣਾ ਅੰਤਮ ਸਮਾਂ ਨੇੜੇ ਜਾਣ, ਗੁਰੂ-ਦਰਸ਼ਨਾਂ ਦੀ ਇਛਿਆ ਕੀਤੀ ਤੇ ਇਕ ਗੁਰਸਿਖ ਰਾਹੀਂ ਗੁਰੂ ਜੀ ਨੂੰ ਦਰਸ਼ਨ ਦੇਣ ਲਈ ਬੇਨਤੀ ਕੀਤੀ ਗਈ। ਗੁਰੂ ਹਰਿਗੋਬਿੰਦ ਸਾਹਿਬ ਜੀ ਬਾਬਾ ਜੀ ਦੀ ਬੇਨਤੀ ਪ੍ਰਵਾਨ ਕਰ ਰਮਦਾਸ ਪਹੁੰਚੇ। ੧੬ ਨਵੰਬਰ ੧੬੩੧ ਈ: ਨੂੰ ਬਾਬਾ ਬੁੱਢਾ ਜੀ, ਪੰਜ ਗੁਰੂ ਸਾਹਿਬਾਨ ਨੂੰ ਹੱਥੀਂ ਗੁਰਿਆਈ ਦਾ ਤਿਲਕ ਦੇ, ਅੱਠ ਗੁਰੂ ਸਾਹਿਬਾਨ ਦੇ ਸਾਖਿਆਤ ਦਰਸ਼ਨ ਕਰ, ੧੨੫ ਸਾਲ ਦੀ ਉਮਰ ਭੋਗ, ਗੁਰੂ ਹਰਿਗੋਬਿੰਦ ਜੀ ਦੇ ਪਾਵਨ ਹੱਥਾਂ ਵਿਚ ਅੰਤਮ ਸਵਾਸ ਲਏ। ਸਤਿਗੁਰੂ ਜੀ ਬਾਬਾ ਜੀ ਦਾ ਅੰਤਮ ਸਸਕਾਰ ਆਪਣੇ ਹੱਥੀਂ ਕਰ, ਪਰਿਵਾਰ ਨੂੰ ਭਾਣਾ ਮੰਨਣ ਤੇ ਸੰਗਤਾਂ ਨੂੰ ਬਾਬਾ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣ ਦਾ ਉਪਦੇਸ਼ ਕਰ, ਅੰਮ੍ਰਿਤਸਰ ਵਾਪਸ ਆ ਗਏ।



www.AKJ.Org

# ਸਿਖ ਮਸਲਾ

[ਪ੍ਰਿੰਸੀਪਲ ਬਖ਼ਤਾਵਰ ਸਿੰਘ ਜੀ ਰੀਟਾਇਰਡ]

ਭਾਈ ਜੋਗਿੰਦਰ ਸਿੰਘਜੀ ਤਲਵਾੜਾ ਨੇ ਸੂਰਾ ਅਗਸਤ ਅੰਕ ਚਿ ਇਕ ਮਸਲੇ ਨੂੰ ਹੀ ਛੁਹਿਆ ਹੈ। ਸਿੱਖ ਮਸਲਾ ਤਾਂ ਬਹੁਪੱਖੀ ਅਤੇ ਗੁੰਝਲਦਾਰ ਹੈ। ਇਹ ਮਸਲਾ ਸਰਕਾਰ ਦੀ ਬਦਨੀਤੀ ਕਾਰਨ ਪਿਛਲੇ 44 ਸਾਲਾਂ ਤੋਂ ਵਧੇਰੇ ਤੋਂ ਵਧੇਰੇ ਗੰਭੀਰ ਹੁੰਦਾ ਚਲਿਆ ਆ ਰਿਹਾ ਹੈ। ਇਸ ਦਾ ਹੱਲ ਵਿਸ਼ਵ ਭਰ ਦੀਆਂ ਸਿੱਖ ਜਥੇਬੰਦੀਆਂ ਦੇ ਮਿਲਵਰਤਣ ਤੋਂ ਬਿਨਾਂ ਸੰਭਵ ਨਹੀਂ। ਆਜ਼ਾਦੀ ਮਿਲਦੇ ਸਾਰ ਹੀ ਕਾਂਗਰਸ ਦੇ ਸਿੱਖਾਂ ਨੂੰ ਦਿਤੇ ਬਚਨਾਂ ਭਰੋਸਿਆਂ ਨੂੰ ਪੂਰਾ ਕਰਨ ਦੀ ਬਜਾਇ ਉਲਟਾ ਵਿਤਕਰੇ, ਬੇਇਨਸਾਫੀਆਂ ਕਰਨ ਦੀ ਸਰਕਾਰ ਦੀ ਪਾਲਿਸੀ ਨੇ ਸਿਖ ਮਸਲੇ ਨੂੰ ਹੋਂਦ ਵਿਚ ਲਿਆਂਦਾ ਅਤੇ ਸਿੱਖਾਂ ਦੀ ਅਣਖ, ਚੜ੍ਹਦੀ ਕਲਾ, ਸ਼ਾਂਤਮਈ ਸੰਘਰਸ਼ ਕਰਨ ਦੀ ਸ਼ਕਤੀ ਨੂੰ ਖਤਮ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਭਾਰੀ ਜਦੋ-ਜਿਹਦ ਤੋਂ ਬਾਅਦ ਜੋ ਪੰਜਾਬੀ ਸੂਬਾ ਬਣਾਇਆ ਗਿਆ ਉਸ ਨੂੰ ਛੋਟੇ ਤੋਂ ਛੋਟਾ ਅਤੇ ਕਮਜ਼ੋਰ ਬਨਾਉਣ ਲਈ ਪੰਜਾਬੀ ਰਿਜਨ ਦੀਆਂ ਹੱਦਾਂ ਰਖਣ ਦੀ ਬਜਾਇ, ਕਮਿਸ਼ਨ ਰਾਹੀਂ ੧੯੬੧ ਦੀ ਮਰਦੁਮ-ਸ਼ੁਮਾਰੀ; ਜਿਸ ਵਿਚ ਫ਼ਿਰਕਾ-ਪ੍ਰਸਤਾਂ ਨੇ ਆਪਣੀ ਮਾਂ-ਬੋਲੀ ਹਿੰਦੀ ਲਿਖਵਾ ਕੇ ਝੂਠ ਬੋਲਣ ਦਾ ਕੁਫ਼ਰ ਤੋਲਿਆ, ਦੇ ਅਧਾਰ ਤੇ ਅਤੇ ਪਿੰਡ ਨੂੰ ਇਕਾਈ ਬਣਾਉਣ ਦੀ ਥਾਂ ਤਸੀਲ ਨੂੰ ਇਕਾਈ ਬਣਵਾ ਕੇ ਪੰਜਾਬ ਤੋਂ ਰਾਜਧਾਨੀ, ਪੰਜਾਬੀ ਬੋਲਦੇ ਬਹੁਤ ਸਾਰੇ ਇਲਾਕੇ, ਡੈਮ ਆਦਿ ਤੋਂ ਵਾਂਢਾ ਕਰਕੇ ਬੇਇਨਸਾਫ਼ੀ ਦੀ ਹਦ ਮੁਕਾ ਦਿਤੀ। ਅਵਾਰਡਾਂ ਰਾਹੀਂ ਦਰਿਆਵਾਂ ਦੇ ਪਾਣੀਆਂ ਨੂੰ ਭੀ, ਜਿਨ੍ਹਾਂ ਤੇ ਪੰਜਾਬ ਦਾ ਹੱਕ ਬਤੌਰ ਰੇਪੇਰੀਅਨ ਸਟੇਟ (*Reparian State*) ਹੋਣ ਦੇ ਬਣਦਾ ਹੈ, ਦੂਜੀਆਂ ਸਟੇਟਾਂ ਨੂੰ, ਪੰਜਾਬ ਦੀ ਮਰਜ਼ੀ ਵਿਰੁਧ ਦੇ ਦਿਤਾ। ਹਰਿਆਣੇ ਚਿ ਤਾਮਲ ਅਤੇ ਹਿਮਾਚਲ ਚਿ ਉਰਦੂ ਬਤੌਰ ਦੂਜੀ ਜ਼ਬਾਨ ਪੜ੍ਹਾਇਆ ਜਾ ਰਿਹਾ ਹੈ, ਤਾਕਿ ਪੰਜਾਬੀ ਬੋਲੀ ਅਤੇ ਪੰਜਾਬੀ ਕਲਚਰ ਨੂੰ ਖ਼ਤਮ ਕੀਤਾ ਜਾ ਸਕੇ। ਸਿਖਾਂ ਵਿਰੁਧ ੪ ਫ਼ਰੰਟ ਖੁਲ੍ਹੇ ਹੋਏ ਹਨ—(੧) ਪਾੜੋ ਤੇ ਰਾਜ ਕਰੋ। (੨) ਗ਼ੱਦਾਰ ਪੈਦਾ ਕਰੋ! (੩) ਝੂਠੇ ਪਰਚਾਰ ਰਾਹੀਂ ਸਿਖਾਂ ਨੂੰ ਬਦਨਾਮ ਕਰਕੇ ਮਾਰੋ। (੪) ੧੯੮੪ ਦੀ ਕਾਰਵਾਈ ਨੂੰ ਚਾਲੂ ਰਖੋ।

ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਸਿਖ ਆਗੂ ਹਾਲੇ ਭੀ ਖੇਰੂੰ ਖੇਰੂੰ ਹੋਇ ਬੈਠੇ ਹਨ। ਕਿਸੇ ਫ਼ਰੰਟ ਤੇ ਭੀ ਸੰਭਲਣ ਦਾ ਜਤਨ ਨਹੀਂ ਕਰ ਰਹੇ।

(ੳ) ਲੋੜ ਹੈ—ਵਿਸ਼ਵ ਭਰ ਦੀਆਂ ਸਿਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਮੀਟਿੰਗ ਬੁਲਾਉਣ ਦੀ।

(ਅ) ਲੋੜ ਹੈ ਧਾਰਮਿਕ ਜਥੇਬੰਦੀਆਂ, ਧਰਮ ਪਰਚਾਰ ਕਰ ਰਹੀਆਂ ਸਭਾ ਸੋਸਾਇਟੀਆਂ ਦੀ ਕਾਨਫ਼ਰੰਸ ਬੁਲਾ ਕੇ, ਧਾਰਮਿਕ ਮਸਲਿਆਂ ਤੇ ਵੀਚਾਰ ਕਰ ਕੇ ਸਿਖੀ ਨੂੰ ਸਹੀ ਲੀਹਾਂ ਤੇ ਲਿਆਉਣ, ਪਤਿਤਪੁਣਾ ਰੋਕਣ, ਡੇਰੇਦਾਰਾਂ ਨੂੰ ਮਗਰੋਂ ਹਟਾਉਣ ਲਈ ਪ੍ਰੋਗਰਾਮ ਉਲੀਕਣ ਦੀ।

(ੲ) ਲੋੜ ਹੈ ਪੰਜਾਬ ਤੋਂ ਬਾਹਰ ਦੇ ਪ੍ਰਾਂਤਾਂ ਚਿ ਇਕ ਦੈਨਿਕ ਅੰਗਰੇਜ਼ੀ, ਦੂਜੀ ਹਿੰਦੀ ਅਖਬਾਰ ਦੀ ਚਾਲੂ ਕਰਨ ਦੀ, ਜਾਂ ਚਲ ਰਹੀਆਂ ਅਖ਼ਬਾਰਾਂ ਚੋਂ ਦੋ ਨਾਲ ਹਿਸੇਦਾਰੀ ਪਾਉਣ ਦੀ, ਤਾਕਿ ਝੂਠੇ ਪਰਚਾਰ ਦਾ ਮੂੰਹ-ਤੋੜ ਜਵਾਬ ਦਿਤਾ ਜਾਇਆ ਕਰੇ।

(ਸ) ਲੋੜ ਹੈ ਸਿਖ ਅਧਿਆਪਕਾਂ, ਖਾਲਸਾ ਸਕੂਲਾਂ ਦੇ ਮੈਨੇਜਰਾਂ ਨਾਲ ਗੱਲਬਾਤ ਕਰਕੇ ਸਿਖ ਸਿਧਾਂਤਾਂ ਦੇ ਅਧਾਰ ਤੇ ਵਿਦਿਆਰਥੀਆਂ ਦੀ ਆਚਰਨ-ਉਸਾਰੀ ਕਰਨ ਦੀ ਸਕੀਮ ਚਾਲੂ ਕਰਾਉਣ ਦੀ।

(ਹ) ਸਿਖ ਬੁੱਧੀਜੀਵੀਆਂ ਅਤੇ ਸਿਖ ਧਨਾਢਾਂ ਦੀ ਸਹਾਇਤਾ ਲੈਣ ਲਈ ਯਤਨ ਕਰਨ ਦੀ।

ਉਪਰੋਕਤ ਪੰਜ ਮੀਟਿੰਗਾਂ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪਰਧਾਨ ਸਾਹਿਬ ਸ: ਬਲਦੇਵ ਸਿੰਘ ਸਿਬੀਆ, ਜੋ ਕਾਫ਼ੀ ਸੁਝਵਾਨ, ਪੰਥ-ਹਿਤੈਸ਼ੀ ਤੇ ਚਿੰਤਕ ਹਨ, ਨੂੰ ਬੁਲਾਉਣੀਆਂ ਚਾਹੀਦੀਆਂ ਹਨ।

---

**ਡੁੱਗੀ ਬਦਲ ਗਈ** ਪੰਜ ਗਰਾਈਆਂ ਰੈਣ ਸਬਾਈ ਤੇ। ਭਾਈ ਮੇਵਾ ਸਿੰਘ ਪੋਸਟਲ ਕਲਰਕ ਮਾਡਲ ਟਾਊਨ ਲੁਧਿਆਣਾ ਪਾਸੋਂ ਆਉਂਦੀ ਰੈਣ ਸਬਾਈ ਸਮੇਂ ਤਬਲੇ ਦੀ ਡੁੱਗੀ ਬਦਲ ਲਵੋ ਜੀ।



www.AKJ.Org

# ਭਾਈ ਬੁੱਧੂ

[ਗਿਆਨੀ ਹਰਿਬੰਸ ਸਿੰਘ ਜੀ, ਪਟਿਆਲਾ]

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਜਿਸ ਵਕਤ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰ ਰਹੇ ਸਨ, ਉਸ ਵੇਲੇ ਲਾਹੌਰ ਵਿਚ ਭਾਈ ਬੁੱਧੂ ਨਾਮ ਦਾ ਇਕ ਸਿਖ ਰਹਿੰਦਾ ਸੀ। ਉਸਦਾ ਕੰਮ ਸੀ ਇੱਟਾਂ ਪਕਾਣੀਆਂ ਤੇ ਵੇਚਣੀਆ। ਇਕ ਵਾਰ ਉਸਨੇ ਇੱਟਾਂ ਤੇ ਬਹੁਤ ਧਨ ਖਰਚ ਕੀਤਾ। ਕਰਜ਼ਾ ਵੀ ਚੁਕਿਆ। ਜਦ ਇੱਟਾਂ ਤਿਆਰ ਹੋ ਗਈਆਂ ਤਾਂ ਭੱਠੇ ਵਿਚ ਪਕਾਉਣ ਦਾ ਸਮਾਂ ਆਇਆ। ਸਿਖ ਨੇ ਸੋਚਿਆ, ਪਹਿਲਾਂ ਗੁਰੂ ਜੀ ਨੂੰ ਮੱਥਾ ਟੇਕ ਆਵਾਂ, ਅਰਦਾਸ ਕਰ ਆਵਾਂ। ਭੇਟਾ ਲੈ ਕੇ ਗੁਰੂ ਦੀ ਨਗਰੀ ਨੂੰ ਚਲਾ ਗਿਆ। ਗੁਰੂ ਦੀ ਹਜ਼ੂਰੀ ਵਿਚ ਜਾ ਪਹੁੰਚਿਆ। ਮੇਵੜੇ ਨੇ ਅਰਦਾਸ ਕੀਤੀ, 'ਸਚੇ ਪਾਤਸ਼ਾਹ! ਇਸ ਸਿਖ ਦੇ ਆਵੇ ਪਕਣ, ਸਿਖ ਵਲੋਂ ਭੇਟਾ ਹਾਜਰ ਏ।" ਗੁਰੂ ਜੀ ਨੇ ਬਚਨ ਕੀਤਾ, ਨਾਮ ਜਪਣਾ, ਆਏ ਗਏ ਸਿਖ ਦੀ ਸੇਵਾ ਕਰਨੀ, ਇੱਟਾਂ ਤਿਆਰ ਹੋ ਜਾਣ ਤਾਂ ਗੁਰਸਿਖਾਂ ਨੂੰ ਭੋਜਨ ਛਕਾ ਕੇ ਅਰਦਾਸ ਕਰਾ ਕੇ, ਪਜਾਵਾ ਫੋਲ ਲੈਣਾ, ਇੱਟਾਂ ਪਕ ਜਾਣਗੀਆਂ।

ਭਾਈ ਬੁੱਧੂ ਨੇ ਲਾਹੌਰ ਆ ਕੇ ਪਜਾਵਿਆਂ ਨੂੰ ਅੱਗ ਦਿਤੀ। ਠੀਕ ਵਕਤ ਤੇ ਇੱਟ ਕੱਢ ਕੇ ਵੇਖੀ, ਪੱਕੀ ਨਿਕਲੀ। ਹੁਣ ਗੁਰਸਿਖ ਨੇ ਸੋਚਿਆ, ਇੱਟਾਂ ਕਢਣ ਤੋਂ ਪਹਿਲਾਂ ਸਿਖਾਂ ਨੂੰ ਲੰਗਰ ਛਕਾ ਦੇਈਏ। ਭਾਈ ਬੁੱਧੂ ਨੇ ਸੰਗਤ ਘਰ ਸਦ ਲਈ। ਲੰਗਰ ਤਿਆਰ ਹੋ ਗਿਆ। ਸੰਗਤ ਜਦੋਂ ਲੰਗਰ ਛੱਕ ਬੈਠੀ ਤਾਂ ਲਖੂ ਨਾਮ ਦਾ ਸਿਖ ਆ ਪਹੁੰਚਿਆ। ਉਸ ਨੇ ਕਿਹਾ, ਪ੍ਰਸ਼ਾਦ ਛਕਾਓ। ਅਗੋਂ ਭਾਈ ਬੁੱਧੂ ਨੇ ਜਵਾਬ ਦਿੱਤਾ, "ਹੁਣ ਲੰਗਰ ਸਮਾਪਤ ਹੋ ਚੁਕਾ ਏ।" ਲਖੂ ਨੇ ਕਿਹਾ, 'ਹੋਰ ਪਕਾ ਦਿਓ"। ਤਾਂ ਜਵਾਬ ਮਿਲਿਆ, "ਹੁਣ ਨਹੀਂ ਪਕਦਾ।" ਅਗੋਂ ਲਖੂ ਦੇ ਮੂੰਹੋਂ ਸੁਭਾਵਕ ਹੀ ਨਿਕਲ ਗਿਆ, "ਚੰਗਾ ਫੇਰ ਇੱਟਾਂ ਵੀ ਨਹੀਂ ਪਕਦੀਆਂ"। ਬੁੱਧੂ ਨੇ ਜਵਾਬ ਦਿਤਾ, "ਭਾਈ ਲਖੂ! ਤੂੰ ਆਪ ਦੇਰ ਨਾਲ ਆਇਆ ਏਂ ਤੇ ਸ੍ਰਾਪ ਸਾਨੂੰ ਦੇਨਾ ਏਂ। ਗੁਰੂ ਜੀ ਦਾ ਬਚਨ ਹੋ ਚੁਕਾ ਏ ਕਿ ਆਵਾ ਪਕੇਗਾ, ਇਸ ਨੂੰ ਕੱਚਾ ਆਖਣ ਵਾਲਾ ਤੂੰ ਕੌਣ ਏਂ? ਸਤਿਗੁਰੂ ਦਾ ਵਚਨ ਅਟੱਲ ਹੈ।" ਤਾਂ ਭਾਈ ਲਖੂ ਨੇ ਅਗੋਂ ਕਿਹਾ:—

"ਹਮ ਭੀ ਹੈ ਗੁਰ ਸਿਖ ਮਹਾਨੇ ॥ ਨਹਿ ਭੋਜਨ ਦੇ ਕਰਿ ਤ੍ਰਿਪਤਾਨੇ ॥
ਰਹੈ ਪਚਾਵਾ ਕਾਚਾ ਜਾਨ ॥ ਇਮ ਕਹਿ ਸਿਖ ਕੀਨਿ ਪ੍ਰਸਥਾਨ ॥ (ਰਾਸਿ ਦੂਜੀ, ਅੰਸੂ ੪੮)

ਇਹ ਕਹਿ ਕੇ ਲਖੂ ਤਾਂ ਚਲਾ ਗਿਆ, ਪਰ ਜਦੋਂ ਬੁੱਧੂ ਨੇ ਆਵਾ ਖੋਲ੍ਹਿਆ ਤਾਂ ਇੱਟਾਂ ਪਿਲੀਆਂ ਨਿਕਲੀਆਂ। ਬੁੱਧੂ ਹੈਰਾਨ ਹੋ ਗਿਆ ਕਿ ਗੁਰੂ ਦਾ ਬਚਨ ਕਚਾ ਕਿਵੇਂ ਨਿਕਲ ਗਿਆ। ਬੜਾ ਨਿਰਾਸ਼ ਹੋਇਆ ਕਿ ਹੁਣ ਕਰਜ਼ਾ ਕਿਵੇਂ ਉਤਰੇਗਾ? ਭਾਈ ਬੁੱਧੂ ਨੇ ਅੰਮ੍ਰਿਤਸਰ ਗੁਰੂ ਦਰ ਤੇ ਪਹੁੰਚ ਕੇ ਅਰਦਾਸ ਕੀਤੀ, "ਸਚੇ ਪਾਤਸ਼ਾਹ! ਮੇਰੀਆਂ ਇੱਟਾਂ ਤਾਂ ਕਚੀਆਂ ਨਿਕਲੀਆਂ ਹਨ।" ਗੁਰੂ ਜੀ ਨੇ ਪੁਛਿਆ, ਕੋਈ ਸਿਖ ਸਾਧ ਨਿਰਾਸ ਹੋ ਕੇ ਤਾਂ ਨਹੀਂ ਗਿਆ? ਤਾਂ ਬੁੱਧੂ ਨੇ ਲਖੂ ਦੀ ਗੱਲ ਕਹਿ ਸੁਣਾਈ ਤੇ ਕਿਹਾ ਕਿ ਉਹ ਆਪ ਹੀ ਦੇਰ ਨਾਲ ਆਇਆ ਸੀ, ਉਸ ਵੇਲੇ ਲੰਗਰ ਖਤਮ ਹੋ ਚੁੱਕਾ ਸੀ। ਗੁਰੂ ਜੀ ਚੁਪ ਕਰ ਗਏ। ਭਾਈ ਬੁੱਧੂ ਤਰਲੇ ਕਰਨ ਲਗ ਪਿਆ, ਗੁਰੂ ਜੀ! ਮੈਂ ਮਾਰਿਆ ਗਿਆ, ਕਿਰਪਾ ਕਰੋ। ਸਤਿਗੁਰੂ ਅਰਜਨ ਦੇਵ ਜੀ ਨੇ ਇਸਤਰ੍ਹਾਂ ਦਾ ਬਚਨ ਕੀਤਾ, ਵਾਹਿਗੁਰੂ ਦੀ ਬਧੀ ਭਗਤ ਛੁਡਾ ਲੈਂਦੇ ਹਨ, ਪਰ ਭਗਤਾਂ ਦੀ ਬਧੀ ਹੋਈ ਵਾਹਿਗੁਰੂ ਨਹੀਂ ਛੁੜਾਉਂਦਾ। ਬਚਨ ਲਖੂ ਦਾ ਅਟੱਲ ਰਹੇਗਾ, ਪਰ ਤੂੰ ਵੀ ਗੁਰੂ ਦਾ ਸਿਖ ਏਂ, ਤੇਰੀਆਂ ਕਚੀਆਂ ਪਿਲੀਆਂ ਇੱਟਾਂ ਸਭ ਪੱਕੀਆਂ ਦੇ ਭਾਅ ਵਿਕਣਗੀਆਂ।

ਰੱਬ ਦਾ ਭਾਣਾ ਐਸਾ ਵਰਤਿਆ ਕਿ ਬਹੁਤ ਬਰਸਾਤ ਹੋਈ, ਕਿਲ੍ਹੇ ਦੀ ਕੰਧ ਡਿਗ ਪਈ। ਇੱਟਾਂ ਕਿਤੋਂ ਮਿਲਣ ਨਾ। ਜੋ ਇੱਟਾਂ ਭਾਈ ਬੁੱਧੂ ਜੀ ਪਾਸ ਪਈਆਂ ਸਨ, ਪੱਕੀਆਂ ਦੇ ਭਾਅ ਵਿਕ ਗਈਆਂ। ਪੂਰੇ ਗੁਰੂ ਨੇ ਆਪਣ ਬਚਨ ਦੇ ਨਾਲ ਨਾਲ ਗੁਰਸਿਖ ਦਾ ਬਚਨ ਵੀ ਅਟੱਲ ਰਖਿਆ। ਭਾਈ ਬੁੱਧੂ ਦਾ ਕਰਜ਼ਾ ਵੀ ਉਤਰ ਗਿਆ।


www.AKJ.Org

# ਪਾਠਕਾਂ ਪ੍ਰਤੀ ਬੇਨਤੀਆਂ

੧. ਚੰਦੇ ਜਮ੍ਹਾ ਕਰਾਉਣ ਸਮੇਂ ਚਿੱਟ ਨੰਬਰ ਜ਼ਰੂਰ ਦਸੋ । ਹਰ ਮਹੀਨੇ ਪਰਚੇ ਉਤੇ ਤੁਹਾਡੇ ਐਡਰੈਸ ਤੋਂ ਪਹਿਲਾਂ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ । ਉਸ ਨੰਬਰ ਨੂੰ ਨੋਟ ਕਰੋ ਜੀ ।

੨. ਪਰਚਾ ੧੫ ਤ੍ਰੀਕ ਤਕ ਨਾ ਪੁਜੇ ਤਾਂ ਗੁੰਮ ਸਮਝੋ ਅਤੇ ਹੋਰ ਭੇਜਣ ਲਈ ਕਾਰਡ ਪਾਓ ।

੩. ਚੰਦਾ ਖ਼ਤਮ ਹੋਣ ਦੀ ਮੋਹਰ ਵੇਖਦੇ ਸਾਰ ਹੀ ਚੰਦਾ ਭੇਜੋ ਜੀ, ਨਹੀਂ ਤਾਂ ਪਰਚਾ ਬੰਦ ਹੋ ਜਾਸੀ ।

੪. ਛਪਣ ਵਾਲੇ ਪ੍ਰੋਗਰਾਮ ਹਰ ਮਹੀਨੇ ੨੦ ਤ੍ਰੀਕ ਤਕ ਪੁਜਣੇ ਜ਼ਰੂਰੀ ਹਨ ।

੫. ਪੀੜਤ ਪਰਵਾਰ ਫ਼ੰਡ ਦੀ ਰਕਮ 'ਅਖੰਡ ਕੀਰਤਨੀ ਜਥਾ' ਦੇ ਨਾਂ ਭੇਜੋ, ਕਿਸੇ ਜ਼ਾਤੀ ਨਾਂ ਤੇ ਨਾ ਭੇਜੋ ।

੬. ਦੇਸਾਂ ਪਰਦੇਸਾਂ ਤੋਂ 'ਸੂਰਾ' ਪੱਤਰ ਨੂੰ ਚੈਕ ਜਾਂ ਡਰਾਫ਼ਟ ਅੰਮ੍ਰਿਤਸਰ ਦੇ ਹੀ ਭੇਜੋ । ਕਿਸੇ ਦੂਜੇ ਸ਼ਹਿਰ ਦੇ ਭੇਜਣ ਲਗਿਆਂ ਘਟੋ ਘਟ 15/–ਰੁਪਏ ਅਤੇ ਵਡੀਆਂ ਰਕਮਾਂ ਲਈ 20/–ਵਾਧੂ ਬੈਂਕ ਕਮਿਸ਼ਨ ਦੇ ਭੇਜੋ ਜੀ ।

# ਭਾਈ ਸਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟਰੈਕਟ

| | | | |
|---|---|---|---|
| ਕਥਾ ਕੀਰਤਨ (ਨਵੀਂ ਛਾਪ) | ੧੬-੦੦ | ਗੁਰਮਤਿ ਸੱਚ ਨਿਰਣੈ (ਨਵੀਂ ਛਾਪ) | ੧੫-੦੦ |
| ਰੰਗਲੇ ਸੱਜਣ (ਨਵੀਂ ਛਾਪ) | ੧੬-੦੦ | ਜੇਲ੍ਹ ਚਿੱਠੀਆਂ | ੩੦-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਅਣਡਿੱਠੀ ਦੁਨੀਆ | ੧੯-੦੦ |
| ਗੁਰਮਤਿ ਲੇਖ ੧੨-੫੦ ਗੁਰਮਤਿ ਪ੍ਰਕਾਸ਼ | ੧੧-੦੦ | ਚਰਨ ਕਮਲ ਕੀ ਮਉਜ | ੭-੫੦ |
| ਗੁਰਮਤਿ ਵਿਚਾਰ | ੧੪-੦੦ | ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪ੍ਰਸਤੀ ਹੈ ? | ੭-੫੦ |
| ਅੰਮ੍ਰਿਤ ਕੀ ਹੈ ? ੩-੦੦ ਅੰਮ੍ਰਿਤ ਕਲਾ | ੧-੫੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਸਿੰਘਾਂ ਦਾ ਪੰਥ ਨਿਰਾਲਾ | ੧-੫੦ | ਸ਼ੰਕਿਆਂ ਦੇ ਉਤਰ ੨-੦੦ ਨਾਮ ਸੰਬੰਧੀ ਵਿਚਾਰ | ੧-੭੫ |
| ਉਮਰ ਕੈਦੀ ਦਾ ਸੁਪਨਾ | ੧-੨੫ | ਆਸਤਕ ਤੇ ਨਾਸਤਕ ੦-੭੫ ਬਾਬਾ ਵੈਦ ਰੋਗੀਆਂ ਦਾ | ੧-੦੦ |
| ਪਰਤੱਖ ਦਰਸ਼ਨ ੧-੦੦ ਵਾਹਿਗੁਰੂ ਸਿਮਰਨ | ੦-੭੫ | ਸਿੱਖੀ ਸਿਦਕ ਤੇ ਧਰਮ ਰਖਿਆ | ੧-੦੦ |
| ਹਉਮੈ ਨਾਵੈ ਨਾਲਿ ਵਿਰੋਧ ਹੈ (ਨਵੀਂ ਛਾਪ) | ੧-੦੦ | ਤਿਮਰ ਅਗਿਆਨ ਤੋਂ ਉਜਿਆਰਾ | ੧-੦੦ |

# 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ, ੨੭੨ ਪੰਨੇ, ਸੁੰਦਰ ਦੱਖ) ੧੦-੦੦

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ,, | ੧-੫੦ |
| ਖਾਲਸਾ ਰਹਿਤ ਮਰਯਾਦਾ | ੩-੫੦ | ਕੀ ਕੇਸ ਰਖਣੇ ਜ਼ਰਰੀ ਹਨ ? | ,, | ੧-੦੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੧-੫੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੭੫ |
| ਤਉ ਕਉ ਮੁਰਗੀ ਮਾਰੇ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ | ,, | ੦-੭੫ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ | ,, | ੦-੭੦ |
| Dawn of Divine wisdom | 0-75 | ਸ਼ਬਦ ਗੁਰੂ— ਸ੍ਰੀ ਗੁਰੂ ਗ੍ਰੰਥ ਸਾਹਿਬ | ,, | ੧-੫੦ |
| ਲੜੀਦਾਰ ਸਰੂਪ— ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੇ ਨਿਆਰਾ | ,, | ੦-੭੫ |
| ਗੁਰਬਾਣੀ ਰਹਿਤਨਾਮਾ | ੧-੫੦ | ਖਾਲਸਾ ਜੀ ਦਾ ਗੁਰਮਤਿ ਆਦੇਸ਼ | | ੦-੭੫ |
| ਸ੍ਰੀ 'ਭਗਉਤੀ ਪ੍ਰਬੋਧ (ਚੋਣਵੇਂ ਵਿਦਵਾਨਾਂਦੇ ਲੇਖ) | ੨-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | | ੧-੫੦ |

## ਕਰਨਾਲ ਵਿਖੇ ਸ੍ਰੀ ਅਖੰਡਪਾਠ, ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ ਸਮਾਗਮ

ਭਾਈ ਸੂਰਤ ਸਿੰਘ ਪੂਰਨ ਜੀ ਅਤੇ ਅਖੰਡ ਕੀਰਤਨੀ ਜਥੇ ਦੇ ਹੋਰ ਪ੍ਰੇਮੀਆਂ ਵਲੋਂ ਹੋ ਰਹੇ ਪ੍ਰੋਗਰਾਮ—
26 ਸਤੰਬਰ ਸਵੇਰੇ ਡੇਰਾ ਕਾਰ ਸੇਵਾ ਕਲੰਦਰੀ ਗੇਟ ਵਿਖੇ 5 ਵਜੇ ਸ੍ਰੀ ਅਖੰਡਪਾਠ ਅਰੰਭ, ਸ਼ਾਮ 7 ਤੋਂ 9 ਗੁ: ਮੰਜੀ ਸਾਹਿਬ ਪਾ: ਪਹਿਲੀ, 27 ਸਤੰਬਰ ਸਵੇਰੇ 4-30 ਤੋਂ 7-30 ਗੁਰਦਵਾਰਾ ਸਿੰਘ ਸਭਾ ਮਾਡਲ ਟਾਊਨ, ਸ਼ਾਮ ਗੁਰਦੁਆਰਾ ਸ਼ੀਸ਼ਿਆਂ ਵਾਲਾ, 28 ਸਤੰਬਰ ਸਵੇਰੇ ਸਮਾਪਤੀ ਅਖੰਡਪਾਠ, ਉਪਰੰਤ 11 ਵਜੇ ਤਕ ਕੀਰਤਨ ਡੇਰਾ ਕਾਰ ਸੇਵਾ ਵਿਖੇ, ਸ਼ਾਮ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ, 29 ਸਤੰਬਰ ਸਵੇਰੇ 6 ਵਜੇ ਸਮਾਪਤੀ । ਰਿਹਾਇਸ਼ ਆਦਿ ਦਾ ਪ੍ਰਬੰਧ ਡੇਰਾ ਕਾਰ ਸੇਵਾ ਕਲੰਦਰੀ ਗੇਟ ਵਿਖੇ ।

www.AKJ.Org

# ਸ਼ਹੀਦੀ ਅਤੇ ਪੀੜਤ ਪਰਵਾਰਾਂ ਲਈ ਪੁਜੀ ਸਹਾਇਤਾ

| | |
|---|---|
| ਭਾਈ ਸੁਰਜੀਤ ਸਿੰਘ, ਜਾਜਾ ਕਲਾਂ | ੧੮੨-੦੦ |
| ਭਾਈ ਬਲਬੀਰ ਸਿੰਘ, ਸ੍ਰੀ ਨਗਰ | ੧੦੮-੦੦ |
| ਭਾਈ ਤ੍ਰਿਪਤ ਸਿੰਘ, ਅੰਮ੍ਰਿਤਸਰ (ਚੜ੍ਹਾਵਾ ਸਮਾਗਮ) | ੧੧੯-੦੫ |
| ਭਾਈ ਪ੍ਰਦੰਮਨ ਸਿੰਘ, ਜਲੰਧਰ (ਦੋ ਵਾਰ) | ੨੦੦-੦੦ |
| ਭਾਈ ਜਰਨੈਲ ਸਿੰਘ, ਲਸਿਸਟਰ ਯੂ. ਕੇ (ਲੜਕੀ ਦੇ ਅਨੰਦ ਸਮੇਂ ਭੇਟ, ਚੜ੍ਹਦੀ ਕਲਾ ਹਿਤ) | ੧੯੦੦੦-੦੦ |
| ਬੀਬੀ ਸਵਰਨ ਕੌਰ, ਸਲੌਅ ਯੂ.ਕੇ | ੧੮੦੦-੦੦ |
| ਭਾਈ ਕੰਵਰ ਸਿੰਘ, ਅੰਮ੍ਰਿਤਸਰ | ੧੨੧-੦੦ |
| ਭਾਈ ਬੇਅੰਤ ਸਿੰਘ, ਨਾਭਾ | ੧੦੧-੦੦ |
| ਭਾਈ ਨਾਨਕ ਸਿੰਘ, ਪੂਨਾ | ੫੦੧੮-੦੦ |
| ਕੈਪਟਨ ਦਵਿੰਦਰ ਸਿੰਘ, ਪਲੀ ਝਿੱਕੀ | ੧੦੧-੦੦ |
| ਸ: ਕਰਤਾਰ ਸਿੰਘ ਰਾਹੀ, ਫਤਹਗੜ੍ਹ ਕੋਰੋਟਾਣਾ | ੧੨੫-੦੦ |
| ਸ: ਜਸਵੰਤ ਸਿੰਘ, ਪਟਿਆਲਾ | ੫੦-੦੦ |
| ਸ: ਹਰਬਖਸ਼ ਸਿੰਘ ਸਰਾਇ, ਚੈਟਮ ਯੂ.ਕੇ (ਬੀ: ਲਖਬੀਰ ਕੌਰ ਦੀ ਆਤਮ-ਸ਼ਾਂਤੀ ਹਿਤ) | ੨੦੦੦-੦੦ |
| ਸ: ਪ੍ਰੀਤਮ ਸਿੰਘ ਅਤੇ ਪ੍ਰਵਾਰ ਖੁਨਖੁਨ ਕਲਾਂ | |
| ਸ਼ਹੀਦ ਸਿੰਘਾਂ ਦੇ ਸਮਾਗਮ ਸਮੇਂ ਚੜ੍ਹਾਵਾ | ੫੦-੦੦ |
| ਮਾਤਾ ਦੀ ਬਰਸੀ ਸਮੇਂ ਚੜ੍ਹਾਵਾ | ੫੦-੦੦ |
| ਭਾ: ਗੁਰਬਚਨ ਸਿੰਘ, ਬੀ: ਗੁਰਮੀਤਕੌਰ,ਲਮਿੰਗਟਨ | ੨੨੦੦-੦੦ |
| ਪੁਤਰੀ ਭਾਈ ਗੁਰਬਚਨ ਸਿੰਘ, ਲਮਿੰਗਟਨ | ੧੦੦-੦੦ |
| ਭਾਈ ਦਰਸ਼ਨ ਸਿੰਘ, ਮੂਲੀਆਂ ਵਾਲ (ਦੋ ਵਾਰ) | ੨੦੦-੦੦ |
| ਸੂਬੇਦਾਰ ਮੇਜਰ ਸਰਵਨ ਸਿੰਘ, ਜੰਗਪੁਰਾ | ੧੫੦-੦੦ |
| ਸ: ਬਲਦੇਵ ਸਿੰਘ, ਕਾਕਰਾਲਾ ਕਲਾਂ | ੧੧-੦੦ |
| ਐਸ ਐਸ ਠਾਕਰ, ਸਲੌਅ ਯੂ.ਕੇ | ੩੦੦-੦੦ |
| ਸ: ਜਗੀਰ ਸਿੰਘ ਲਸਿਸਟਰ ,, | ੩੨੦੦-੦੦ |
| ਸਾਧ ਸੰਗਤ ਕਰਾਊਲੀ ,, | ੩੯੦੦-੦੦ |
| ਸਾਧ ਸੰਗਤ ਗ੍ਰੇਵਜ਼ੈਂਡ ਯੂ.ਕੇ | ੨੦੦੦-੦੦ |
| ਸ: ਸੁਰਿੰਦਰ ਸਿੰਘ, ਖਾਨਪੁਰ ਸਹੋਤਾ | ੮੦੦-੦੦ |
| ਸ: ਬਲਵੰਤ ਸਿੰਘ, ਨਵੀਂ ਦਿਲੀ | ੫੧-੦੦ |
| ਸ: ਅਮਰਜੀਤ ਸਿੰਘ, ਲੁਧਿਆਣਾ | ੫੦੦-੦੦ |
| ਸ: ਮਨਜੀਤ ਸਿੰਘ ਵਿਨਸਨ ਗ੍ਰੀਨ ਯੂ.ਕੇ | ੧੫੦੦-੦੦ |
| ਸ: ਕਿਰਪਾਲ ਸਿੰਘ ਖਾਲਸਾ, ਬਾਜਾ ਖਾਨਾ | ੫੦-੦੦ |
| ਗੁਪਤ ਸੇਵਾ ਝਾਂਸਾ ਤੋਂ | ੧੦੦-੦੦ |
| ਸ: ਗੁਰਮੇਜ ਸਿੰਘ ਗਿਲਾਂ (ਭਾ: ਪ੍ਰਦੀਪ ਸਿੰਘ ਦੇ ਅਨੰਦ ਸਮੇਂ) | ੨੫੦੦-੦੦ |
| ਸ; ਸੁਰਜੀਤ ਸਿੰਘ, ਜੈਪੁਰ | ੧੩੭-੦੦ |
| ਸ: ਹਰਬੰਸ ਸਿੰਘ ਤੇਗ, ਲਸਿਸਟਰ ਯੂ.ਕੇ | ੫੦੦੦-੦੦ |
| ਗੁਪਤ ਸੇਵਾ ਜਲੰਧਰ ਤੋਂ | ੫੦੦੦-੦੦ |

# ਸ਼ਹੀਦੀ ਅਤੇ ਪੀੜਤ ਪਰਵਾਰਾਂ ਨੂੰ ਦਿਤੀ ਸਹਾਇਤਾ

| | |
|---|---|
| ਸ: ਲਛਮਣ ਸਿੰਘ ਪਿਤਾ ਭਾ: ਕਸ਼ਮੀਰ ਸਿੰਘ ਨੂਰਪੁਰ—ਪੁਤਰ ਜੇਲ੍ਹ, ਕੇਸ ਦੀ ਪੈਰਵੀ | ੫੦੦੦-੦੦ |
| ਬੀ: ਜਸਬੀਰ ਕੌਰ ਮਾਤਾ ਸ਼ਹੀਦ ਇਕਬਾਲ ਸਿੰਘ ਫੌਜੀ ਦੁਗਲਵਾਲਾ —ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਬੀ: ਪਰਮਜੀਤ ਕੌਰ ਪਤਨੀ ਸ਼ਹੀਦ ਲਖਬੀਰ ਸਿੰਘ ਘਸੀਟਪੁਰ—ਪਤੀ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਭਾ: ਭੁਲਾ ਸਿੰਘ ਪਿਤਾ ਭਾ: ਚਰਨਜੀਤ ਸਿੰਘ ਖੁੱਡਾ—ਪੁਤਰ ਜੇਲ੍ਹ, ਕੇਸ ਦੀ ਪੈਰਵੀ | ੫੦੦੦-੦੦ |
| ਭਾ: ਪਿਆਰਾ ਸਿੰਘ ਪਿਤਾ ਸ਼ਹੀਦ ਭਾ: ਬਲਬੀਰ ਸਿੰਘ ਜੌਸ—ਪੁਤਤ ਸ਼ਹੀਦ, ਘਰੇਲੂ ਲੋੜਾਂ ਆਦਿ | ੫੦੦੦-੦੦ |
| ਬੀ: ਜਸਪਾਲ ਕੌਰ ਪਤਨੀ ਭਾਈ ਨਿਰਮਲ ਸਿੰਘ ਸੰਦਲਪੁਰਾ—ਪਤੀ ਜੇਲ੍ਹ, ਕੇਸ ਦੀ ਪੈਰਵੀ | ੫੦੦੦-੦੦ |
| ਸ: ਜਗੀਰ ਸਿੰਘ ਪਿਤਾ ਸ਼ਹੀਦ ਨਿਰਵੈਰ ਸਿੰਘ ਕੋਟਲਾ ਬਜਾ—ਪੁਤਰ ਸ਼ਹੀਦ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਭਾ: ਵਿਰਸਾ ਸਿੰਘ ਵਲਟੋਹਾ—ਸਤ ਸਾਲ ਦੀ ਜੇਲ੍ਹ ਕਟਣ ਮਗਰੋਂ, ਗੁਜ਼ਾਰਾ ਮੁਸ਼ਕਲ | ੧੦੦੦੦-੦੦ |
| ਭਾ: ਕੰਵਲਜੀਤ ਸਿੰਘ, ਅੰਮ੍ਰਿਤਸਰ - ਤਿੰਨ ਸਾਲ ਦੀ ਜੇਲ੍ਹ ਮਗਰੋਂ, ਗੁਜ਼ਾਰਾ ਮੁਸ਼ਕਲ | ੫੦੦੦-੦੦ |
| ਸਰਦਾਰਨੀ ਅਮਰ ਕੌਰ ਪਤਨੀ ਸਵਰਗਵਾਸੀ ਭਾਈ ਭਜਨ ਸਿੰਘ ਮਦਰਾਸੀ ਪ੍ਰਵਾਰ | ੧੦੦-੦੦ |

# ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | |
|---|---|
| ਸ: ਅਮਰੀਕ ਸਿੰਘ ਗਲੈਸਗੋ ਸਕਾਟਲੈਂਡ | ੧੫੦-੦੦ |
| ਸ: ਕੁਲਵੰਤ ਸਿੰਘ ਨੌਟਿੰਘਮ ਯੂ. ਕੇ | ੮੦-੦੦ |
| ਗੁਪਤ ਸੇਵਾ | ੫੦-੦੦ |
| ਸ: ਦੀਦਾਰ ਸਿੰਘ ਖਾਲਸਾ ਪਿੰਡ ਤੂਸੇ | ੪੦੦-੦੦ |
| ਗੁਪਤ ਸੇਵਾ | ੨੫-੦੦ |
| ਸ: ਮਲਕੀਅਤ ਸਿੰਘ ਨੌਟਿੰਘਮ ਯੂ.ਕੇ | ੮੦-੦੦ |
| ਸ: ਗਿਆਨ ਸਿੰਘ ਅਸੈਕਸ ਯੂ. ਕੇ | ੨੬੦-੦੦ |
| ਗੁਪਤ ਸੇਵਾ | ੩੦੦-੦੦ |
| ਭਾ: ਹਰਚਰਨ ਸਿੰਘ ਅੰਬਾਲਾ ਛਾ:(ਗੋਲਕ) | ੬੬੮-੮੫ |
| ਸ: ਭਗਵਾਨ ਸਿੰਘ ਪਠਾਨਕੋਟ | ੩੧-੦੦ |
| ਬੀ: ਹਰਵਿੰਦਰ ਕੌਰ ਅਸਟ੍ਰੇਲੀਆ | ੪੮੩-੦੦ |

www.AKJ.Org

**ਦਿਲੀ ਸਾਲਾਨਾ ਸਮਾਗਮ 17 ਤੋਂ 20 ਅਕਤੂਬਰ ਸਵੇਰ ਤਕ–ਵੇਰਵਾ ਆਉਂਦੇ ਮਹੀਨੇ**

ਬਾਊ ਮੱਲ ਸਿੰਘ ਜੀ ਦੀ ਬਰਸੀ ਸਮਾਗਮ 25 ਤੋਂ 27 ਅਕਤੂਬਰ–ਵੇਰਵਾ ਆਉਂਦੇ ਮਹੀਨੇ

## ਬਟਾਲਾ ਵਿਖੇ ਸਾਲਾਨਾ ਕੀਰਤਨ ਸਮਾਗਮ

12 ਸਤੰਬਰ ਅੰਮ੍ਰਿਤ ਵੇਲੇ 4 ਤੋਂ 7 ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ, 14 ਸਤੰਬਰ ਸਵੇਰੇ ਭੋਗ ਸ੍ਰੀ ਅਖੰਡਪਾਠ, ਉਪਰੰਤ ਦੁਪਹਿਰ ਤਕ ਅਖੰਡ ਕੀਰਤਨ, ਸ਼ਾਮ ਨੂੰ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਅਰੰਭ। ਐਤਵਾਰ 15 ਸਤੰਬਰ ਸਵੇਰੇ ਸਮਾਪਤੀ। ਸਾਰਾ ਪ੍ਰੋਗਰਾਮ ਗੁਰੂ ਨਾਨਕ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਗੁਰਦਾਸਪੁਰ ਰੋਡ, ਬਟਾਲਾ ਵਿਖੇ ਹੋਵੇਗਾ।

## ਦਿਆਲਪੁਰ (ਕਪੂਰਥਲਾ) ਵਿਖੇ ਸਾਲਾਨਾ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਪ੍ਰੋਗਰਾਮ

5 ਅਕਤੂਬਰ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੀ ਸਮਾਪਤੀ, ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ 8 ਵਜੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ–ਸਿੰਚਾਰ ਸਮਾਗਮ ਅਰੰਭ। 4 ਅਕਤੂਬਰ ਸ਼ਾਮ 8 ਤੋਂ 10 ਵੀ ਕੀਰਤਨ ਸਜਣਗੇ।

ਅਖੰਡ ਕੀਰਤਨੀ ਜਥਾ ਦਿਆਲਪੁਰ

## ਖਰੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਗੁਰਪੁਰਬ ਸਮੇਂ ਦਿਵਸ ਸੁਹੇਲਾ ਕੀਰਤਨ

ਬਾਬਾ ਕਰਨੈਲ ਸਿੰਘ ਦੇ ਬੁੰਗਾ ਅਸਥਾਨ, ਅਕਾਲੀ ਗੁਰਦਵਾਰਾ ਰੋਡ, 1820-ਕੇ, ਪ੍ਰੀਤ ਨਗਰ, ਖਰੜ (ਰੋਪੜ) ਵਿਖੇ 9 ਸਤੰਬਰ ਸੋਮਵਾਰ ਅੰਮ੍ਰਿਤ ਵੇਲੇ 3 ਵਜੇ ਤੋਂ ਰਾਤ 10 ਵਜੇ ਤਕ ਹਰਿ-ਜਸ ਦੇ ਲਾਹੇ ਲਵੋ ਜੀ।

## ਪਿੰਡ ਸਵਾੜਾ ਸਾਹਮਣੇ ਮਾਤਾ ਸਾਹਿਬ ਕੌਰ ਅਕੈਡਮੀ (ਚੰਡੀਗੜ੍ਹ-ਸਰਹੰਦ ਰੋਡ) ਵਲੋਂ ਸਮਾਗਮ

4 ਤੋਂ 6 ਅਕਤੂਬਰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਐਤਵਾਰ ਦੁਪਹਿਰ ਦੋ ਵਜੇ ਤਕ ਕੀਰਤਨ, ਰਾਤ ਨੂੰ ਰੈਣ ਸਬਾਈ ਕੀਰਤਨ ਸਮੇਂ ਅਕੈਡਮੀ, ਹਸਪਤਾਲ ਤੇ ਬਿਰਧ-ਆਸ਼ਰਮ ਖੋਲ੍ਹਣ ਲਈ ਅਰਦਾਸ। ਫ਼ੋਨ 572165

## ਪੀਲੀਭੀਤ (ਉਤਰ ਪ੍ਰਦੇਸ਼) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਭਾਈ ਵਰਿਆਮ ਸਿੰਘ ਗੁਰਦਵਾਰਾ ਸੰਗਤਪੁਰਾ (ਨੇੜੇ ਰੇਲਵੇ ਸਟੇਸ਼ਨ) ਦੇ ਗ੍ਰਿਹ ਵਿਖੇ 29 ਸਤੰਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ, ਉਪਰੰਤ ਦੁਪਹਿਰ ਤਕ ਕੀਰਤਨ, ਰਾਤ ਰੈਣ ਸਬਾਈ ਕੀਰਤਨ।

## ਸੁਲਤਾਨਪੁਰ ਲੋਧੀ (ਕਪੂਰਥਲਾ) ਵਿਖੇ ਸ੍ਰੀ ਅਖੰਡਪਾਠ ਤੇ ਦਿਵਸ ਸੁਹੇਲਾ ਕੀਰਤਨ

ਜੇ. ਪੀ. ਸਿੰਘ (ਪੋਸਟ ਆਫ਼ਿਸ ਵਾਲੇ) ਦੇ ਗ੍ਰਿਹ 29 ਸਤੰਬਰ ਸਵੇਰ ਤੋਂ ਦੁਪਹਿਰ ਤਕ ਪਾਠ ਦੇ ਭੋਗ ਉਪਰੰਤ ਕੀਰਤਨ

ਬਸੀ ਪਠਾਣਾਂ, ਧੋਬੀ ਮਹੱਲਾ, ਗੁਰਦਵਾਰਾ ਸਾਹਿਬ 9 ਸਤੰਬਰ ਸੋਮਵਾਰ ਰਾਤ ਰੈਣ ਸਬਾਈ ਕੀਰਤਨ

ਮਾਸਕ ਰੈਣ ਸਬਾਈ ਕੀਰਤਨ, ਗੁਰਦਵਾਰਾ ਮਾਡਲ ਹਾਊਸ ਲੁਧਿਆਣਾ ਵਿਖੇ 14 ਸਤੰਬਰ ਨੂੰ

ਮੁੰਡੀ ਖਰੜ (ਰੋਪੜ) ਗੁਰਦਵਾਰਾ ਸੀਸ ਮਾਰਗ ਚੰਡੀਗੜ੍ਹ ਰੋਡ, ਰੈਣ ਸਬ ਈ 14 ਸਤੰਬਰ

ਭਾ: ਜਗਜੀਤ ਸਿੰਘ ਸ਼ਹੀਦ ਰਛਪਾਲ ਸਿੰਘ ਨਗਰ ਜਗਰਾਉਂ 22 ਸਤੰਬਰ ਅਖੰਡਪਾਠ ਤੇ ਕੀਰਤਨ

ਅਮੀਰਪੁਰ (ਗੁਰਦਾਸਪੁਰ-ਕਲਾਨੌਰ ਰੋਡ) ਪਰਮਜੀਤ ਸਿੰਘ, 7 ਸਤੰਬਰ ਅਖੰਡਪਾਠ, ਰੈਣ ਸਬਾਈ

ਮਨੀਆਰਡਰ, ਬੈਂਕ ਡਰਾਫ਼ਟ ਤੇ ਚਿਠੀ ਪੱਤਰ ਭੇਜਣ ਦਾ ਪਤਾ (ਫ਼ੋਨ ਪੀ. ਪੀ. 43045)
'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org